UGC Approved Journal
Research Link

Since March 2002

An International, Registered & Referred Monthly Journal :

**Punjabi Literature**

Research Link - 166, Vol - XVI (11), January - 2018, Page No. 133-134
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਪੰਜਾਬ ਵਿਚ ਪੈਦਾਵਾਰ ਦੇ ਘੱਟ ਰਹੇ ਰਕਬੇ ਦੇ ਸਮਾਜਿਕ ਸਰੋਕਾਰ ਅਤੇ ਵਰਿਆਮ ਸੰਧੂਦਾ ਕਥਾ ਜਗਤ

*ਪੰਜਾਬ ਦੇ ਕਿਸਾਨੀ ਸਭਿਆਚਾਰ ਵਿੱਚ ਜ਼ਮੀਨ ਦੀ ਮਾਲਕੀ ਹੀ ਸਮਾਜਕ ਰੁਤਬੇ ਦਾ ਚਿੰਨ੍ਹ ਬਣੀ ਰਹੀ ਹੈ। ਸਮਾਜਕ ਮਾਣ-ਮਰਿਆਦਾ "ਚਾਰ ਸਿਆੜਾ" ਦੇ ਵਾਧੇ-ਘਾਟੇ ਨਾਲ ਹੀ ਸੰਬੰਧਿਤ ਹੁੰਦੀ ਹੈ। ਸਰਮਾਏਦਾਰੀ ਦੌਰ ਵਿੱਚ ਵਾਪਰ ਰਹੇ ਬੁਨਿਆਦੀ ਪਰਿਵਰਤਨਾਂ ਦੇ ਬਾਵਜੂਦ ਵੀ ਜੱਟ ਸੰਸਕ੍ਰਿਤੀ ਜ਼ਮੀਨ ਨਾਲੋਂ ਭਾਵੁਕ ਮੋਹ ਨਹੀਂ ਤਿਆਗ ਸਕੀ। ਖੇਤੀ ਦੇ ਘਾਟੇਵੰਦਾ ਕਿੱਤਾ ਹੋਣ ਦੇ ਬਾਵਜੂਦ ਵੀ ਛੋਟਾ ਕਿਸਾਨ ਆਪਣੀ ਹੋਂਦ ਜੱਟ ਦੇ ਤੌਰ 'ਤੇ ਬਣਾਈ ਰੱਖਣਾ ਚਾਹੁੰਦਾ ਹੈ, ਚਾਹੇ ਉਸ ਦੀ ਹਾਲਤ ਕਮੀਨਾ ਨਾਲੋਂ ਵੀ ਪਤਲੀ ਕਿਉਂ ਨਾ ਹੋ ਜਾਏ : ਉਸ ਨੇ ਪਿਛਲੇ ਸਾਲ ਮਾਸਟਰ ਰਾਜਪਾਲ ਦੀ ਜ਼ਮੀਨ ਵਿੱਚ ਝੋਨੇ ਤੇ ਕਣਕ ਦੀ ਸਾਉਣੀ-ਹਾੜੀ ਬੀਜੀ। ਖਾਦ-ਪਾਣੀ ਦਾ ਖ਼ਰਚ ਮਾਸਟਰ ਨੇ ਪਹਿਲਾਂ ਦੇਣਾ ਸੀ ਤੇ ਪਿੱਛੋਂ ਖੇਤੀ ਚੋਂ ਤੇਜੂ ਦੇ ਹਿੱਸੇ ਦਾ ਕੱਟਣਾ ਸੀ। ਕੁਝ ਕਣਕ ਉਸ ਮਾਸਟਰ ਤੋਂ ਲੈ ਕੇ ਖਾਧੀ ਸੀ ਤੇ ਸੌ ਕੁ ਰੁਪਈਆ ਲੋੜ ਵੇਲੇ ਫੜਿਆ ਸੀ।*

**ਡਾ. ਕਰਮਜੀਤ ਕੌਰ ਬਰਾੜ**

ਅਜੋਕੇ ਦੌਰ ਵਿੱਚ ਪੰਜਾਬ ਆਰਥਿਕ ਸੰਕਟ ਦਾ ਸ਼ਿਕਾਰ ਹੋ ਚੁੱਕਿਆ ਹੈ। ਪੰਜਾਬ ਦੀ ਆਰਥਿਕਤਾ ਖੇਤੀਬਾੜੀ ਤੇ ਨਿਰਭਰ ਕਰਦੀ ਹੈ। ਖੇਤੀ ਖੇਤਰ ਦੀ ਜ਼ਮੀਨ ਘੱਟ ਰਹਿ ਰਹੀ ਹੈ, ਜਿਸ ਦੇ ਅਨੇਕਾਂ ਹੀ ਕਾਰਨ ਹਨ ਜਿਸ ਵਿੱਚ ਨਵੀਆਂ ਕਾਲੋਨੀਆਂ ਦਾ ਉਸਰਨਾ, ਜਨ-ਸੰਖਿਆਂ ਦਾ ਵਾਧਾ ਅਤੇ ਨਵੇ ਨਗਰਾਂ ਦਾ ਬਨਣਾ। ਪੰਜਾਬ ਵਿੱਚ 1993 ਤੋਂ ਬਾਅਦ ਪੈਦਾਵਾਰ ਵਾਲੀ ਜ਼ਮੀਨ ਘੱਟਣੀ ਸ਼ੁਰੂ ਹੋ ਗਈ ਸੀ। ਇਸ ਦਾ ਕਾਰਨ ਕਾਲੋਨੀਆਂ ਦਾ ਉਸਰਨਾ ਅਤੇ ਨਵੇਂ ਨਗਰਾਂ ਦਾ ਬਨਣਾ ਸੀ। ਜਿਸ ਕਾਰਨ ਪੰਜਾਬ ਦੀ ਕਿਸਾਨੀ ਕੋਲ ਪੈਦਾਵਾਰ ਵਾਲੀ ਜ਼ਮੀਨ ਘੱਟ ਗਈ। ਖੇਤੀ ਲਾਹੇਵੰਦਾ ਧੰਦਾ ਨਾ ਰਹਿਣ ਕਰਕੇ ਕਿਸਾਨਾਂ ਦਾ ਇਸ ਵਿੱਚ ਮਨ ਉਚਾਟ ਹੋ ਗਿਆ ਅਤੇ ਹਰੀ ਕ੍ਰਾਂਤੀ ਤੋਂ ਬਾਅਦ ਛੋਟੇ ਕਿਸਾਨਾਂ ਨੇ ਕਰਜ਼ੇ ਤੋਂ ਨਜ਼ਾਤ ਪਾਉਣ ਲਈ ਜ਼ਮੀਨਾਂ ਭੂ-ਮਾਫੀਆਂ ਨੂੰ ਵੇਚਣੀਆਂ ਸ਼ੁਰੂਕਰ ਦਿੱਤੀਆ। ਸਮਾਜ ਵਿੱਚ ਆਉਂਦੇ ਪਰਿਵਰਤਨ ਦਾ ਪ੍ਰਭਾਵ ਸਿੱਧਾਂ ਅਤੇ ਅਸਿੱਧਾਂ ਸਾਹਿਤ ਉਪਰ ਪੈਂਦਾ ਹੈ। ਵਰਿਆਮ ਸਿੰਘ ਸੰਧੂ ਨੇ ਪੰਜਾਬ ਦੀ ਟੁੱਟ ਰਹੀ ਛੋਟੀ ਕਿਸਾਨੀ ਦੀਆਂ ਸਮਾਜਿਕ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਉਸ ਦੀ ਵਿਚਾਰਧਾਰਾ ਸਮਾਜਵਾਦੀ ਹੈ ਅਤੇ ਉਹ ਸਮਾਜਕ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ ਉਸ ਦੀ ਵਿਚਾਰਧਾਰਾਂ ਸਮਾਜਵਾਦੀ ਹੈ ਅਤੇ ਉਹ ਸਮਾਜਕ ਸ਼ੇਣੀਆਂ ਦੀ ਵੰਡ ਦਾ ਆਧਾਰ ਆਰਥਿਕਤਾ ਮੰਨਦਾ ਹੈ। ਕਿਸਾਨੀ ਦੀ ਮੰਦੀ ਦਸ਼ਾ ਤੇ ਦਿਸ਼ਾ ਕਾਰਨ ਜ਼ਮੀਨਾਂ ਵਿਕਣ ਦੀ ਪ੍ਰਵਿਰਤੀ ਸ਼ੁਰੂਹੋ ਗਈ। ਕਿਸਾਨਾਂ ਤੋਂ ਜ਼ਮੀਨਾਂ ਖ੍ਰੀਦ ਕੇ ਭੂ-ਮਾਫੀਆਂ ਨੇ ਸ਼ਹਿਰਾ ਦਾ ਵਿਸਥਾਰ ਕਰਨ ਅਤੇ ਕਾਲੋਨੀਆਂ ਬਣਾਉਣ ਤੇ ਜ਼ੋਰ ਦਿੱਤਾ। ਜਿਸ ਕਾਰਨ ਪੈਦਾਵਾਰ ਵਾਲਾ ਰਕਬਾ ਘੱਟ ਗਿਆ। ਵਰਿਆਮ ਸੰਧੂਨੇ ਘੱਟ ਰਹੀ ਪੈਦਾਵਾਰ ਵਾਲੀ ਜ਼ਮੀਨ ਦੇ ਸਮਾਜਿਕ ਸਰੋਕਾਰਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ।

ਵਰਿਆਮ ਸੰਧੂਡੂੰਘੀ ਨੀਝ ਵਾਲਾ ਸਮਾਜ ਸ਼ਾਸਤਰੀ ਅਤੇ ਮਨੋਵਿਗਿਆਨੀ ਹੈ ਜੋ ਮੌਜੂਦਾ ਵਿਵਸਥਾ ਦੀ ਕਠੋਰਤਾ ਤੋਂ ਪੈਦਾ ਹੋਏ ਮਨੁੱਖੀ ਦੁਖਾਂਤ ਨੂੰ ਹਮਦਰਦੀ ਨਾਲ ਸਿਰਜਦਾ ਹੋਇਆ ਵਿਵਸਥਾ ਤੇ ਤਿੱਖਾ ਵਿਅੰਗ ਕਰਦਾ ਪ੍ਰਤੀਤ ਹੁੰਦਾ ਹੈ। ਉਸ ਨੇ ਪੇਂਡੂਜੀਵਨ ਅਤੇ ਖਾਸ ਤੌਰ ਤੇ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਦਾ ਹੈ। ਆਰਥਿਕ ਮੰਦਹਾਲੀ ਦੇ ਸਮਾਜਿਕ ਸਰੋਕਾਰ "ਆਪਣਾ ਆਪਣਾ ਹਿੱਸਾ" ਕਹਾਣੀ ਵਿੱਚ ਸਪੱਸ਼ਟ ਦੇਖਣ ਨੂੰ ਮਿਲਦੇ ਹਨ :

ਬਚਨੋਂ ਬੋਲੀ ਜਾ ਰਹੀ ਸੀ, "ਵੇਖੇ ਨਾ ....... ਮੈਨੂੰ ਪਤਾ ਤੇਰਾ ਹੱਥ ਤੰਗ ਆ .... ਪਰ ਇਹ ਕੰਮ ਵੀ ਅਕਸ਼ਰ ਕਰਨੇ ਹੋਏ। ਮੈਂ ਤਾਂ ਵੱਡਿਆਂ ਨੂੰ ਵੀ ਆਖਿਆ ਸੀ.... ਤਾੜ੍ਹਾ ਹੱਥ ਖੁੱਲੈ....ਕੋਈ ਨੀ..... ਵੇਖੇ ਨਾ....ਉਹ ਅੱਗੋਂ ਆਹਦੇ ਅਸੀਂ ਖਾਣ ਲਈ ਦਾਣੇ ਈ ਖੜਦੇ ਆਂ।...."

ਜਮੀਨ ਵੀ ਇਹ ਮੁਖਤ "ਚ ਵਾਹੀ ਜਾਂਦੈ....ਵੇਖੇਂ ਨਾ ..... ਸਾਰੇ ਤੇਰੀ ਭਾਈਏ ਅਰਗੇ ਕਿਵੇਂ ਹੋ ਜਾਣ..... ਸਾਰੇ ਮੁਲਖ ਤੇ ਭੈਣਾਂ ਆਪਣਾ ਹਿੱਸਾ ਲਾਈ ਜਾਂਦੀਆਂ ਪਰ ਉਹਨੇ ਕਦੀ ਇੱਕ ਵਾਰ ਵੀ ਨੀ ਆਖੀਆ....."(1)

ਵਰਿਆਮ ਸਿੰਘ ਸੰਧੂਦੇ ਕਿਸਾਨੀ ਜੀਵਨ ਨਾਲ ਸੰਬੰਧਿਤ ਪਾਤਰ ਤੇਜੂ, ਘੱਦੂ, ਕੇਵਲ, ਜੋਗਿੰਦਰ, ਭਾਵੇਂ ਪਹਿਲੀ ਨਜਰੇ ਸਾਧਾਰਨ ਕਿਸਮ ਦੇ ਪਾਤਰ ਹੀ ਲਗਦੇ ਹਨ ਪਰੰਤੂਅਸਲ ਸਥਿਤੀਆਂ ਦੇ ਅਸਾਵੇਂਪਣ ਦਾ ਸ਼ਿਕਾਰ ਇਹ ਪਾਤਰ ਅਜਿਹੀ ਖੰਡਿਤ ਮਾਨਸਿਕਤਾ ਤੇ ਆਰਥਿਕਤਾ ਵਾਲੇ ਪਾਤਰ ਆਪਣੀਆਂ ਸਮਾਜਿਕ ਸਥਿਤੀਆਂ ਦਾ ਪ੍ਰਗਟਾਵਾਂ ਕਰਦੇ ਹਨ।

ਅਮਰੀਕ ਨੇ ਸੋਚਿਆ ਹੁਣ ਖਿਝਣ ਦਾ ਕੀ ਫਾਇਦਾ ਸੀ। ਪਹਿਲਾਂ ਆਪ ਘਰ ਵੱਲ ਧਿਆਨ ਦਿੰਦਾ ਤਾਂ ਸ਼ਾਇਦ ਜ਼ਮੀਨ ਗਹਿਣੇ ਨਾ ਪੈਂਦੀ। ਉਹ ਇਸ ਨੂੰ ਹੋਣੀ ਸਮਝ ਕੇ ਪੀ ਗਿਆ।

"***ਤੇ ਪਿੱਛੇ ਪੈਲੀ ਜਿਹੜੀ ਰਹਿ ਗਈ ਫਿਰ?***"

*ਮੁਖੀ (ਪੰਜਾਬੀ ਵਿਭਾਗ), ਭਾਗ ਸਿੰਘ ਖਾਲਸਾ ਕਾਲਜ ਫਾਰ ਵਿਮਨ, ਕਾਲਾ ਟਿੱਬਾ (ਅਬੋਹਰ)*

*ਉਸ ਨੇ ਜਿਵੇਂ ਖਿਲਾਅ ਨੂੰ ਪੁੱਛਿਆ ਹੋਵੇ।*
*ਪਰ ਕੋਈ ਜਵਾਬ ਨਾ ਆਇਆ।*

"ਉਧਰੋਂ ਖਾਦ ਦੇ ਪੈਸੇ ਦੇਣੇ ਆ.... ਪਤਾ ਨਹੀਂ ਕਿੱਥੇ ਖਾਦ ਪਾਉਂਦੇ ਰਹੇ ਜੇ....ਫਸਲ ਤਾਂ ਕਦੀ ਖਾਣ ਜੋਗੀ ਆਈ ਨਹੀਂ....." ਉਹ ਆਪ ਹੀ ਬੁੜ-ਬੁੜ ਕਰਕੇ ਚੁੱਪ ਕਰ ਗਿਆ।

"ਖਾਦ ਤਾਂ ਅੱਗੇ ਨਕਦ ਵੇਚ ਕੇ ਪੈਸੇ ਵੱਟ ਕੇ ਵਰਤ ਲੇ ਸਨ.... ਖੇਤਾਂ 'ਚ ਕਿਥੇ ਪਈ ਸੀ...." ਮਹਿੰਦਰ ਪਹਿਲੀ ਵਾਰ ਬੋਲਿਆ। ਉਹਦੀ ਆਵਾਜ਼ ਵਿੱਚ ਪਤਾ ਨਹੀਂ ਸੀ ਲੱਗਦਾ ਨਿਰਲੇਪਤਾ ਸੀ ਜਾਂ ਕੁੜੱਤਣ।[2]

ਛੋਟੇ ਕਿਸਾਨ ਦੀ ਵਿਗੜਦੀ ਸਮਾਜਕ ਆਰਥਿਕ ਹਾਲਤ ਸਰਮਾਏਦਾਰ ਖੇਤੀ ਦੇ ਵਿਕਾਸ ਵਿੱਚ ਰੋਕ ਨਹੀਂ ਬਣਦੀ ਸਗੋਂ ਇਸ ਨੂੰ ਹੋਰ ਸਥਿਰ ਕਰਦੀ ਹੈ। ਬਹੁ-ਗਿਣਤੀ ਕਿਸਾਨਾਂ ਦੀ ਗ਼ਰੀਬੀ ਵਧਣ ਨਾਲ ਅਤੇ ਗਿਣਤੀ ਦੇ ਕਿਸਾਨਾਂ ਦੀ ਖੁਸ਼ਹਾਲੀ ਵਧਣ ਨਾਲ ਸਰਮਾਏਦਾਰੀ ਮੰਡੀ ਦੇ ਵਿਭਿੰਨ ਖੇਤਰਾਂ ਵਿੱਚ ਵਾਧਾ ਹੁੰਦਾ ਹੈ ਇਸ ਲਈ ਸਰਕਾਰਾਂ ਜਿੰਮੇਵਾਰ ਹਨ:

ਤੇ ਲੜਾਈ ਕੋਈ ਵੀ ਸ਼ੁਰੂਕਰੇ, ਅਜਿਹੀ ਹਾਲਤ ਵਿੱਚ ਮੈਂ ਲੜਾਈ ਨੂੰ ਚੰਗੀ ਕਿਵੇਂ ਆਖਾ? ਸਰਕਾਰਾਂ ਖੁਦ ਵੀ ਤਾਂ ਲੜਾਈ ਨੂੰ ਚੰਗਾ ਨਹੀਂ ਕਹਿੰਦੀਆਂ। ਕਾਨੂੰਨ ਬਣੇ ਹਨ। ਅਸੀਂ ਲੜਦੇ ਹਾਂ ਤਾਂ ਕਿਹਾ ਜਾਂਦਾ ਹੈ, ਲੜਨਾ ਮਾਰਨਾ ਕਿਸੇ ਮਸਲੇ ਦਾ ਹੱਲ ਨਹੀ, ਜੇ ਕੋਈ ਲੜਦਾ ਹੈ, ਮਾਰਦਾ ਹੈ ਤਾਂ ਉਹ ਕਾਨੂੰਨ ਤੋੜਦਾ ਹੈ। ਉਹ ਲੜਨ ਵਾਲਾ, ਮਾਰਨ ਵਾਲਾ ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ। ਫਾਹੇ ਲਾ ਦਿੱਤਾ ਜਾਂਦਾ ਹੈ। ਪਰ ਸਾਡੇ ਨਾਲ ਇਸ ਤਰ੍ਹਾਂ ਵਰਤਣ ਵਾਲਿਆ ਲਈ ਕੋਈ ਜਿਹਲ ਨਹੀਂ ਬਣੀ।[3]

ਪੰਜਾਬ ਦੇ ਕਿਸਾਨੀ ਸਭਿਆਚਾਰ ਵਿੱਚ ਜ਼ਮੀਨ ਦੀ ਮਾਲਕੀ ਹੀ ਸਮਾਜਕ ਰੁਤਬੇ ਦਾ ਚਿੰਨ੍ਹ ਬਣੀ ਰਹੀ ਹੈ। ਸਮਾਜਕ ਮਾਣ-ਮਰਿਆਦਾ "ਚਾਰ ਸਿਆੜਾ" ਦੇ ਵਾਧੇ-ਘਾਟੇ ਨਾਲ ਹੀ ਸੰਬੰਧਿਤ ਹੁੰਦੀ ਹੈ। ਸਰਮਾਏਦਾਰੀ ਦੌਰ ਵਿੱਚ ਵਾਪਰ ਰਹੇ ਬੁਨਿਆਦੀ ਪਰਿਵਰਤਨਾਂ ਦੇ ਬਾਵਜੂਦ ਵੀ ਜੱਟ ਸੰਸਕ੍ਰਿਤੀ ਜ਼ਮੀਨ ਨਾਲੋਂ ਭਾਵੁਕ ਮੋਹ ਨਹੀਂ ਤਿਆਗ ਸਕੀ। ਖੇਤੀ ਦੇ ਘਾਟੇਵੰਦਾ ਕਿੱਤਾ ਹੋਣ ਦੇ ਬਾਵਜੂਦ ਵੀ ਛੋਟਾ ਕਿਸਾਨ ਆਪਣੀ ਹੋਂਦ ਜੱਟ ਦੇ ਤੌਰ 'ਤੇ ਬਣਾਈ ਰੱਖਣਾ ਚਾਹੁੰਦਾ ਹੈ, ਚਾਹੇ ਉਸ ਦੀ ਹਾਲਤ ਕਮੀਨਾ ਨਾਲੋਂ ਵੀ ਪਤਲੀ ਕਿਉਂ ਨਾ ਹੋ ਜਾਏ:

ਉਸ ਨੇ ਪਿਛਲੇ ਸਾਲ ਮਾਸਟਰ ਰਾਜਪਾਲ ਦੀ ਜ਼ਮੀਨ ਵਿੱਚ ਝੋਨੇ ਤੇ ਕਣਕ ਦੀ ਸਾਉਣੀ-ਹਾੜੀ ਬੀਜੀ। ਖਾਦ-ਪਾਣੀ ਦਾ ਖ਼ਰਚ ਮਾਸਟਰ ਨੇ ਪਹਿਲਾਂ ਦੇਣਾ ਸੀ ਤੇ ਪਿੱਛੋਂ ਖੇਤੀ ਚੋਂ ਤੇਜੂ ਦੇ ਹਿੱਸੇ ਦਾ ਕੱਟਣਾ ਸੀ। ਕੁਝ ਕਣਕ ਉਸ ਮਾਸਟਰ ਤੋਂ ਲੈ ਕੇ ਖਾਧੀ ਸੀ ਤੇ ਸੌ ਕੁ ਰੁਪਈਆ ਲੋੜ ਵੇਲੇ ਫੜਿਆ ਸੀ।[4]

ਵਰਿਆਮ ਸੰਧੂਦੀਆਂ ਕਹਾਣੀਆਂ ਵਿੱਚ ਸਮੱਸਿਆ ਸ਼ੁਰੂਵਿੱਚ ਹੀ ਸੰਨੇਤਕ ਰੂਪ ਵਿੱਚ ਪਈ ਹੁੰਦੀ ਹੈ। ਇਹ ਸੰਕੇਤਕ ਪਹਿਲੂਸਮਾਜਿਕ ਨਾਬਰਾਬਰੀ ਤੇ ਆਰਥਿਕ ਨਾਬਰਾਬਰੀ ਨੂੰ ਪੇਸ਼ ਕਰਦੇ ਹਨ ਜਿਸ ਦਾ ਆਧਾਰ ਪੰਜਾਬ ਦੀ ਖੇਤੀਬਾੜੀ ਸੱਭਿਆਚਾਰ ਹੈ।

***ਹਵਾਲੇ :***


*(1) ਵਰਿਆਮ ਸਿੰਘ ਸੰਧੂ, ਤਿਲਫੁੱਲ, ਪੰਨਾ 134.*
***(2)*** *ਉਹੀ ਲੇਖਕ, ਉਹੀ, ਪੰਨਾ 264.*
***(3)*** *ਉਹੀ ਲੇਖਕ, ਉਹੀ, ਪੰਨਾ 306.*
***(4)*** *ਉਹੀ ਲੇਖਕ, ਉਹੀ, ਪੰਨਾ 372.*


❁❁

## UGC - APPROVED - JOURNAL

**UGC Journal Details**

| | |
|---|---|
| Name of the Journal : | Research Link |
| ISSN Number : | 09731628 |
| e-ISSN Number : | |
| Source: | UNIV |
| Subject: | Accounting;Anthropology;Business and International Management;Economics, Econometrics and Finance(all);Education;Environmental Science(all);Finance;Geography, Planning and Development;Law;Political Science a;Social Sciences(all) |
| Publisher: | Research Link |
| Country of Publication: | India |
| Broad Subject Category: | Arts & Humanities;Multidisciplinary;Social Science |

Print

## शोध-पत्र भेजने संबंधी नियम

( 1 ) शोध-पत्र **1500-1700 शब्दों से अधिक नहीं** होना चाहिए।

( 2 ) **हिन्दी एवं मराठी माध्यम के शोधपत्रों को कृतिदेव 10** (Kruti Dev 010) में टाईप करवाकर 'पेजमेकर 6.5' में भेजें।

( 3 ) **पंजाबी माध्यम के शोधपत्रों को अनमोल लिपि** (AnmolLipi) या **अमृत बोली** (Amritboli) या **जॉय** (Joy) में टाईप करवाकर 'पेजमेकर 6.5' में भेजें।

( 4 ) अंग्रेजी माध्यम के शोधपत्र टाईम्स न्यू रोमन (Times New Roman), एरियल फोंट (Arial) में टाईप करवाकर 'पेजमेकर 6.5' या 'माइक्रोसाफ्ट वर्ड' में भेजे जा सकते हैं।

(4) शोधपत्र की विधि - ( 1 ) शीर्षक ( 2 ) एबस्ट्रेक्ट ( 3 ) की-वर्ड्स ( 5 ) प्रस्तावना/प्रवेश ( 5 ) उद्देश्य ( 6 ) शोध परिकल्पना ( 7 ) शोध प्रविधि एवं क्षेत्र ( 8 ) सांख्यिकीय तकनीक ( 9 ) विवेचन या विश्लेषण ( 10 ) सुझाव ( 11 ) निष्कर्ष एवं ( 12 ) संदर्भ ग्रंथ सूची।

( 6 ) संदर्भ ग्रंथ सूची इस प्रकार दें -

**For Books :**

(1) Name of Writer, "Name of Book", Publication, Place of Publication, Year of Publication, Page Number/numbers.

**For Journals :**

(2) Name of Writer, "Title of Article", Name of Journal, Volume ....., Issue ....., Page Numbers.

**Web references :**

http://utc.iath.virginia.edu/interpret/exhibits/hill/hill.html

( 7 ) **गुजराती माध्यम** के शोधपत्र **हरेकृष्णा ( Harekrishna ), टेराफोंट वरुण ( Terafont Varun ), टेराफोंट आकाश ( Terafont Aaksah )** में टाईप करवाकर 'पेजमेकर 6.5' में भेजे जा सकते हैं।

( 8 ) शोधपत्र की साफ्टकॉपी रिसर्च लिंक के ई-मेल आईडी researchlink@yahoo.co.in पर भेजने के बाद हॉर्डकॉपी, शोधपत्र के मौलिक होने के घोषणा पत्र के साथ हस्ताक्षर कर 'रिसर्च लिंक' के कार्यालय को प्रेषित करें।

❁❁

UGC Approved Journal
Research Link
Since March 2002
An International, Registered & Referred Monthly Journal :
Punjabi Literature
Research Link - 166, Vol - XVI (11), January - 2018, Page No. 135-136
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਅਦਾਕਾਰ ਦੇ ਜੀਵਨ ਯਥਾਰਥ ਦੀ ਪੇਸ਼ਕਾਰੀ : ਬਹੁਰੂਪੀਆਂ

*ਸ਼ੰਕਰ ਭੰਡ ਚਿਤਾ ਵਿੱਚ ਬੈਠ ਕੇ ਸਤੀ ਦਾ ਸੁਆਂਗ ਕਰਦਾ ਹੋਇਆ ਸੜ ਕੇ ਮਰ ਜਾਂਦਾ ਹੈ। ਸ਼ੰਕਰ ਭੰਡ ਦਾ ਬੇਟਾ ਆਪਣੇ ਬਾਪ ਦੇ ਝੋਲੇ ਵਿੱਚੋਂ ਦਾਹੜੀ ਕੱਢ ਕੇ ਆਪਣੇ ਚਿਹਰੇ ਤੇ ਲਾਉਂਦਾ ਹੈ। ਰਿਜ਼ਕ ਕਲਾ ਦੀ ਮਰਿਯਾਦਾ ਨੂੰ ਪੇਸ਼ ਕਰਦੇ ਗੀਤ ਨਾਲ ਨਾਟਕ ਸਮਾਪਤ ਹੋ ਜਾਂਦਾ ਹੈ। ਬਹੁਰੂਪੀਆਂ ਇਕ ਕਲਾਕਾਰ ਦੇ ਜੀਵਨ ਯਥਾਰਥ ਦੀ ਕਹਾਣੀ ਪੇਸ਼ ਕਰਦਾ ਨਾਟਕ ਹੈ। ਬਹੁਰੂਪੀਆਂ ਕਲਾ ਨੂੰ ਸਮਰਪਿਤ ਹੈ ਅਤੇ ਕਲਾ ਲਈ ਜੀਵਨ ਲੀਲਾ ਦਾਅ ਤੇ ਲਾ ਦਿੰਦਾ ਹੈ।*

**ਡਾ. ਸੁਖਰਾਜ ਸਿੰਘ**

ਪੰਜਾਬੀ ਨਾਟਕ ਅਤੇ ਰੰਗਮੰਚ ਦੇ ਖੇਤਰ ਵਿੱਚ ਕੇਵਲ ਧਾਲੀਵਾਲ ਦਾ ਨਾਮ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ ਹੈ, ਸਗੋਂ ਉਹ ਇਕ ਸਫ਼ਲ ਨਾਟਕਕਾਰ, ਰੰਗਕਰਮੀ ਅਤੇ ਪ੍ਰਤਿਭਾਵਾਨ ਨਿਰਦੇਸ਼ਕ ਦੇ ਤੌਰ ਤੇ ਸਥਾਪਤ ਹੋ ਚੁੱਕਿਆ ਹੈ।"ਬਹੁਰੂਪੀਆ" ਨਾਟਕ ਦਾ ਪ੍ਰਮੁੱਖ ਪਾਤਰ ਵੱਖ-ਵੱਖ ਸੁਆਂਗ ਧਾਰ ਕੇ ਲੋਕਾਂ ਦਾ ਮੰਨੋਰੰਜਨ ਕਰਦਾ ਹੈ। ਬਹੁਰੂਪੀਏ ਅੰਦਰ ਆਪਣੇ ਕੰਮ ਦੀ ਲਗਨ ਤੇ ਭਾਵਨਾ ਕੁੱਟ-ਕੁੱਟ ਕੇ ਭਰੀ ਪਈ ਹੈ, ਇਥੋਂ ਤੱਕ ਕੇ ਉਹ ਸਤੀ ਦਾ ਸੁਆਂਗ ਕਰਦਾ ਹੋਇਆ ਬਲਦੀ ਚਿਖਾ ਵਿੱਚ ਪੈ ਕੇ ਆਪਣੀ ਜੀਵਣ ਲੀਲਾ ਖਤਮ ਕਰ ਲੈਂਦਾ ਹੈ।

ਬਹੁਰੂਪੀਆ ਨਾਟਕ ਦੀ ਸ਼ੁਰੂਆਤ ਨਟ ਤੇ ਨਟੀ ਦੇ ਵਾਰਤਾਲਾਪ ਨਾਲ ਹੁੰਦੀ ਹੈ। ਨਟੀ ਨਟ ਦੀ ਪਤਨੀ ਹੈ, ਪਰੰਤੂਘਰੇਲੂਆਰਥਿਕਤਾ ਤੋਂ ਤੰਗ ਵੀ ਹੈ। ਨਟੀ ਨਟ ਨੂੰ ਨਾਟਕਾਂ ਦਾ ਖਹਿੜਾ ਛੱਡ ਕੇ ਟੀ. ਵੀ. ਸੀਰੀਅਲਾਂ ਤੇ ਫਿਲਮਾਂ ਵਿੱਚ ਕੰਮ ਕਰਨ ਲਈ ਪ੍ਰੇਰਦੀ ਹੈ। ਪਰੰਤੂਨਟ ਥੀਏਟਰ ਪ੍ਰਤੀ ਸਮਰਪਿਤ ਹੈ। ਨਟੀ ਨਟ ਨੂੰ ਉਦਾਹਰਨਾਂ ਦੇ ਕੇ ਸਮੇ ' ਦੀ ਨਾਜੁਕਤਾ ਨੂੰ ਸਮਝਣ ਲਈ ਪ੍ਰੇਰਦੀ ਹੈ :

**ਨਟੀ :** ਜਦੋਂ ਵੱਡੇ ਵੱਡੇ ਥੀਏਟਰ ਵਾਲੇ ਕਹਿੰਦੇ ਕਹਾਉਂਦੇ ਟੀ.ਵੀ. ਸੀਰੀਅਲ ਤੇ ਫਿਲਮਾਂ ਕਰਨ ਡਹੇ ਨੇ ਤੇ ਫਿਰ ਤੂੰ ਤੇ ਇਕ ਅਦਨਾ ਜਿਹਾ ਨਟ ਹੀ ਏ ਨਾ?(1)

ਨਟੀ ਨਟ ਨੂੰ ਘਰੇਲੂਆਰਥਿਕਤਾ ਸੁਧਾਰਨ ਲਈ ਟੀ. ਵੀ. ਸੀਰਅਲ ਤੇ ਫਿਲਮਾਂ ਵਿੱਚ ਕੰਮ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਤਰਕ ਦਿੰਦੀ ਹੈ। ਪਰੰਤੂਨਟ ਥੀਏਟਰ ਨਾਲ ਜੁੜ ਕੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨਾ ਆਪਣਾ ਨੈਤਿਕ ਫਰਜ਼ ਸਮਝਦਾ ਹੈ।

ਨਾਟਕ ਇਕ ਅਜਿਹੀ ਕਲਾ ਹੈ ਜਿਸ ਵਿੱਚ ਭਾਸ਼ਾਈ ਤੇ ਮੰਚੀ-ਕਲਾ ਤੇ ਤੱਤ ਰਲੇ ਮਿਲੇ ਹੁੰਦੇ ਹਨ। ਨਾਟਕ ਲਿਖਿਆ ਹੀ ਰੰਗਮੰਚ ਲਈ ਜਾਂਦਾ ਹੈ। ਨਟ ਤੇ ਨਟੀ ਦਰਸ਼ਕਾਂ ਨੂੰ ਸਿੱਧਾ ਸੰਬੋਧਨ ਹੁੰਦੇ ਹਨ ਤੇ ਥੀਏਟਰ ਨਾਲ ਜੁੜੇ ਰਹਿਣ ਦਾ ਫੈਸਲਾਂ ਦਰਸ਼ਕਾਂ ਤੇ ਛੱਡ ਦਿੰਦੇ ਹਨ।

ਬਹੁਰੂਪੀਆਂ ਨਾਟਕ ਰਾਹੀਂ ਕੇਵਲ ਧਾਲੀਵਾਲ ਕਲਾਕਾਰ ਦੀ ਜ਼ਿੰਦਗੀ ਦੀਆਂ ਤੰਗੀਆਂ ਤੁਰਸ਼ੀਆਂ ਪੇਸ਼ ਕਰਦਾ ਹੋਇਆ, ਇਕ ਕਲਾਕਾਰ ਦੀ ਸਮਾਜ ਅਤੇ ਕਲਾ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਦਰਸਾਉਂਦਾ ਹੈ। ਸ਼ੰਕਰ ਭੰਡ ਬਹੁਰੂਪੀਏ ਦਾ ਸੁਆਂਗ ਧਾਰਨ ਕਰਕੇ ਲੋਕਾਂ ਦਾ ਮੰਨੋਰੰਜਨ ਕਰਨ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਤੇ ਵਿਅੰਗ ਕਸਦਾ ਹੈ। ਬਹੁਰੂਪੀਆਂ ਸਮਾਜ ਵਿੱਚ ਫੈਲੇ ਅੰਧ ਵਿਸ਼ਵਾਸ਼, ਕਾਲਾ ਧਨ ਅਤੇ ਸਮਾਜ ਵਿੱਚ ਔਰਤ ਦੀ ਤ੍ਰਾਸਦਿਕ ਸਥਿਤੀ ਆਦਿ ਸਮੱਸਿਆਵਾਂ ਦੀ ਕਰੂਰਤਾ ਨੂੰ ਲੋਕਾਂ ਸਾਹਮਣੇ ਨੰਗਾ ਕਰਦਾ ਹੈ ਭਾਰਤੀ ਸਮਾਜ ਵਿੱਚ ਉਤਪਾਦਨ ਦੇ ਸਾਧਨਾਂ ਤੇ ਕਾਬਜ਼ ਧਿਰ ਨਿਮਨ ਵਰਗ ਦਾ ਹਰੇਕ ਪੱਖ ਤੋਂ ਸ਼ੋਸ਼ਣ ਕਰਕੇ ਨਿੱਜੀ ਸੰਪਤੀ ਦੀ ਇਕੱਤਰਤਾ ਵਿੱਚ ਵਾਧਾ ਕਰ ਰਹੀ ਹੈ। ਧਰਮ ਤੇ ਰਾਜਨੀਤੀ ਦਾ ਸੁਮੇਲ ਸਮਾਜਿਕ ਕੁਰੀਤੀਆਂ ਨੂੰ ਫੈਲਾਉਣ ਦਾ ਕਾਰਜ ਕਰ ਰਿਹਾ ਹੈ। ਰਾਜਨੀਤਕ ਧਿਰਾਂ ਧਾਰਮਿਕ ਸੰਸਥਾਵਾਂ ਦੇ ਸੰਚਾਲਕਾਂ ਦੀ ਸਹਾਇਤਾ ਦੁਆਰਾ ਸੱਤਾ ਪ੍ਰਾਪਤ ਕਰਦੀਆਂ ਹਨ, ਸੱਤਾ ਪ੍ਰਾਪਤੀ ਉਪਰੰਤ ਸਰਕਾਰਾਂ ਇਨ੍ਹਾਂ ਸੰਸਥਾਵਾਂ ਦੇ ਮੁਖੀਆਂ ਦੀ ਕੁਠਪੁਤਲੀ ਵਜੋਂ ਕਾਰਜ਼ ਕਰਨ ਲੱਗਦੀਆਂ ਹਨ। ਗੀਤ ਸੰਗੀਤ ਦੀ ਨਾਟਕੀ ਜੁਗਤ ਦੁਆਰਾ ਹੱਥਲੇ ਨਾਟਕ ਵਿੱਚ ਪਾਖੰਡੀ ਸਾਧੂਆਂ ਤੇ ਵਿਅੰਗ ਕਸਿਆ ਹੈ:

ਅਪਰ-ਅਪਾਰ, ਸੱਚੇ ਸਾਧੂਆਂ ਦੀ ਮਹਿਮਾਂ ਦੇਖੋ, ਮੱਥੇ ਟੇਕੇ, ਪਰ ਸਮਝ ਨਾ ਸਕੇ। ਇਹ ਭੋਲਾ ਸੰਸਾਰ-ਸੱਚੇ ਸਾਧੂਆਂ ਦੀ ਮਹਿਮਾਂ.....।(2)

ਭਾਰਤ ਵਿੱਚ ਦਿਨੋ-ਦਿਨ ਵੱਧ ਰਿਹਾ ਡੇਰਾਵਾਦ, ਪਾਖੰਡੀ ਬਾਬੇ , ਰਾਜਨੀਤਕ ਪਾਰਟੀਆਂ ਅਤੇ ਟੀ. ਵੀ. ਚੈਨਲਾਂ ਦੁਆਰਾ ਇਨ੍ਹਾਂ ਦਾ ਸਮੱਰਥਨ ਵਿਗਿਆਨਕ ਯੁੱਗ ਵਿੱਚ ਸਮਾਜ ਦੇ ਚਿਹਰੇ ਤੇ ਕਲੰਕ ਹੈ। ਸ਼ੰਕਰ ਭੰਡ ਸਾਧੂਦਾ ਸੁਆਂਗ ਧਾਰ ਕੇ ਸ਼ਹਿਰ ਦੇ ਨਾਮੀ ਸੇਠ ਦੇ ਘਰ ਚੌਮਾਸਾ ਕਰਦਾ ਹੈ। ਕਥਾ-ਪ੍ਰਵਚਨਾਂ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਸ਼ਹਿਰ ਦੇ ਲੋਕ ਨਿਜੀ ਸੰਤਾਪ ਤੇ ਦੁਸ਼ਵਾਰੀਆਂ ਨੂੰ ਦੂਰ ਕਰਨ ਲਈ ਮਹਾਤਮਾ ਦੇ ਚਰਨਾਂ ਵਿੱਚ ਆਉਂਦੇ ਹਨ। ਸ਼ੰਕਰ ਭੰਡ ਅਦਾਕਾਰੀ ਦੇ ਭਰਮ ਜਾਲ ਦੁਆਰਾ ਸਭ ਨੂੰ ਅਸਚਰਜ ਕਰ ਦਿੰਦਾ ਹੈ। ਇਕ ਪਾਤਰ ਦੁਆਰਾ ਮਹਾਤਮਾ ਨਾਲ ਸੰਵਾਦ ਦਰਸ਼ਕਾਂ ਨੂੰ ਵੀ ਤਰਕ ਨਾਲ ਸੋਚਣ ਲਈ ਮਜ਼ਬੂਰ ਕਰਦਾ ਹੈ :

ਇਕ (ਭੀੜ ਵਿੱਚੋਂ ਹੀ) ਮਹਾਰਾਜ, ਤੁਸੀਂ ਹੁਣ ਕਿਹਾ ਹੈ ਕਿ

*ਐਸਿਸਟੈਂਟ ਪ੍ਰੋਫੈਸਰ (ਪੰਜਾਬੀ ਵਿਭਾਗ), ਭਾਗ ਸਿੰਘ ਖਾਲਸਾ ਕਾਲਜ ਫਾਰ ਵਿਮਨ ਕਾਲਾ ਟਿੱਬਾ (ਅਬੋਹਰ)*

ਈਸ਼ਵਰ ਦਿਆਲੂਹੈ, ਜੇਕਰ ਉਹ ਦਿਆਲੂਹੈ, ਤਾਂ ਕਿਉਂ ਇਸ ਸੰਸਾਰ ਵਿੱਚ ਇੰਨੇ ਲੋਕਾਂ ਨੂੰ ਜਨਮ ਦੇ ਕੇ ਉਚ-ਨੀਂਚ ਦਾ ਭੇਦ-ਭਾਵ ਰੱਖਦਾ ਹੈ?[3]

ਉਪਰੋਕਤ ਵਾਰਤਾਲਾਪ ਵਿੱਚ ਕਈ ਪ੍ਰਸ਼ਨ ਉਭਰ ਕੇ ਸਾਹਮਣੇ ਆਉਂਦੇ ਹਨ। ਪਰਮਾਤਮਾ ਕਿਸ ਤਰ੍ਹਾਂ ਦਾ ਦਿਆਲੂਹੈ? ਸੰਸਾਰ ਵਿੱਚ ਭੇਦਭਾਵ ਕਿਉਂ ਹੈ? ਮਹਾਤਮਾ ਇਸ ਦਾ ਉਤਰ ਪੂਰਬਲੇ ਕਰਮਾਂ ਉਪਰ ਨਿਰਧਾਰਤ ਕਰਦਾ ਹੈ। ਪੁਨਰ-ਜਨਮ ਦੀ ਵਿਚਾਰਧਾਰਾ ਭਾਰਤੀ ਦਰਸ਼ਨ ਸ਼ਾਸ਼ਤਰ ਦਾ ਆਧਾਰ ਬਿੰਦੂਹੈ। ਸਮੁੱਚੀ ਕਰਮ ਫਿਲਾਸਫੀ ਮਨੁੱਖ ਦੇ ਦੁੱਖ-ਸੁੱਖ ਨੂੰ ਪੂਰਬਲੇ ਕਰਮਾਂ ਦਾ ਫਲ ਮੰਨਦੀ ਹੈ। ਵਰਤਮਾਨ ਜਨਮ ਵਿੱਚ ਕੀਤੇ ਚੰਗੇ/ਮੰਦੇ ਕਰਮਾਂ ਦਾ ਫਲ ਅੱਗਲੇ ਜਨਮ ਵਿੱਚ ਭੋਗਣਾ ਪੈਂਦਾ ਹੈ। ਮਹਾਤਮਾ ਤਰਕ ਆਧਾਰਿਤ ਵਾਰਤਾਲਾਪ ਕਰਨ ਤੋਂ ਕਿਨਾਰਾ ਕਰ ਜਾਂਦਾ ਹੈ। ਮਹਾਤਮਾ ਦੇ ਪ੍ਰਵਚਨਾਂ ਤੋਂ ਪ੍ਰਭਾਵਿਤ ਔਰਤਾਂ, ਮਰਦ ਕਈ ਤਰ੍ਹਾਂ ਦੀਆਂ ਮੰਨਤਾਂ ਮੰਗਦੇ ਹਨ। ਸੇਠ ਤੇ ਸੇਠਾਨੀ ਇਕੱਤਰ ਕੀਤਾ ਕਾਲਾ ਧਨ ਮਹਾਰਾਜ ਦੇ ਚਰਨਾਂ ਤੇ ਨਿਛਾਵਰ ਕਰ ਦਿੰਦੇ ਹਨ। ਸੇਠ ਚਾਹੁੰਦਾ ਹੈ ਕਿ ਮਹਾਤਮਾ ਧਨ ਨੂੰ ਸਵੀਕਾਰ ਕਰ ਲਵੇ ਤੇ ਉਸਦਾ ਪਾਪਾਂ ਤੋਂ ਛੁਟਕਾਰਾ ਹੋ ਜਾਵੇ:

**ਸੇਠ :** ਘਰ ਗ੍ਰਿਹਿਸਤੀ ਦੇ ਜਾਲ ਵਿੱਚ ਫਸੇ ਅਸੀਂ ਕੁਟਲ-ਕਾਮੀ, ਇਸ ਮਾਇਆ ਲਈ ਖੌਰੇ ਕਦੋਂ ਭ੍ਰਿਸ਼ਟੇ ਜਾਈਏ, ਕੋਈ ਪਤਾ ਨਹੀਂ। ਤੁਹਾਡੇ ਉਪਦੇਸ਼ਾਂ ਨੇ ਮੈਨੂੰ ਕੀਲ ਲਿਆ ਏ। ਹੁਣ ਤੁਸੀਂ ਜਾਣੋ ਤੇ ਇਹ ਮਾਇਆ ਜਾਣੇ। ਆਪਣੇ ਪਵਿੱਤਰ ਹੱਥਾਂ ਨਾਲ ਇਸ ਮਾਇਆ ਨੂੰ, ਕਿਸੇ ਪੁੰਨ ਵਾਲੇ ਕੰਮ 'ਚ ਲਾ ਕੇ ਸਾਡਾ ਜੀਵਨ ਸਾਰਥਿਕ ਕਰੋ ਪ੍ਰਭੂਜੀ।[4]

ਮਹਾਤਮਾ ਪਾਪ ਦੀ ਕਮਾਈ ਨੂੰ ਅਸਵੀਕਾਰ ਕਰ ਦਿੰਦੇ ਹਨ। ਮਹਾਤਮਾ ਦਾ ਸੁਆਂਗ ਕਰ ਰਿਹਾ ਸ਼ੰਕਰ ਭੰਡ ਸੇਠ ਦੇ ਕਾਲੇ ਧਨ ਨੂੰ ਜਗ ਜ਼ਾਹਿਰ ਕਰ ਦਿੰਦਾ ਹੈ। ਮਹਾਤਮਾ ਦਾ ਭੇਸ ਉਤਾਰ ਕੇ ਸ਼ੰਕਰ ਭੰਡ ਸੰਗਤ ਦੇ ਸਨਮੁੱਖ ਹੁੰਦਾ ਹੈ ਤਾਂ ਸਾਰੇ ਉਸਨੂੰ ਮਾਰਨ ਪੈਂਦੇ ਹਨ। ਸੇਠ ਤੇ ਸੇਠਾਨੀ ਆਪਣੇ ਆਪ ਤੇ ਪਛਤਾਉਂਦੇ ਹਨ। ਸੇਠ ਸ਼ੰਕਰ ਭੰਡ ਨੂੰ ਲਾਹਣਤਾਂ ਪਾਉਂਦਾ ਹੈ, ਫਿਟਕਾਰਦਾ ਹੈ ਅਤੇ ਦਿਲ ਖੋਲ੍ਹ ਕੇ ਮੰਗਣ ਲਈ ਕਹਿੰਦਾ ਹੈ। ਸ਼ੰਕਰ ਲਈ ਪੈਸ਼ੇ ਨਾਲੋਂ ਕਲਾ ਦੀ ਮਹੱਤਤਾ ਵੱਧ ਹੈ। ਇਕ ਕਲਾਕਾਰ ਲਈ ਕਲਾ ਹੀ ਧਰਮ ਹੈ। ਪੂੰਜੀਵਾਦੀ ਸਮਾਜਕ ਵਿਵਸਥਾ ਵਿੱਚ ਕਲਾ ਅਤੇ ਕਲਾਕਾਰ ਬਜ਼ਾਰ ਦੀ ਵਸਤੂਵਾਂਗ ਵਿਕ ਰਹੇ ਹਨ:

**ਸ਼ੰਕਰ :** ਮੰਗਣਾ ਮੇਰਾ ਧਰਮ ਏ ਅੰਨਦਾਤਾ ਪਰ ਆਪਣੀ ਜ਼ਰੂਰਤ ਤੇ ਇੱਛਾ ਦੇ ਮੁਤਾਬਕ ਨਹੀਂ। ਹਜ਼ੂਰ ਲੋਕਾਂ ਦਾ ਮਨੋਰੰਜਨ ਕਰਨਾ ਹੀ ਮੇਰਾ ਮੁੱਖ ਧਰਮ ਹੈ। ਜੇ ਮੇਰੀ ਕਲਾ ਦੀ ਥੋੜ੍ਹੀ ਜਿਹੀ ਵੀ ਤਾਰੀਫ਼ ਕਰ ਦਿਓ ਤਾਂ ਉਹੀ ਮੇਰੇ ਲਈ ਸਭ ਤੋਂ ਵੱਡੀ ਬਖਸ਼ੀਸ਼ ਹੋਵੇ ਗੀ। ਪਰ ਇਸ ਪਾਪੀ ਪੇਟ ਦੀ ਖਾਤਿਰ ਪੈਸਿਆਂ ਦੀ ਵੀ ਖਾਹਿਸ਼ ਹੁੰਦੀ ਹੈ ਮੇਰੇ ਅੰਨਦਾਤਾ ! ਤੁਸੀਂ ਬਖਸ਼ੀਸ਼ ਦਿਓ ਤਾਂ ਵੀ ਤੁਹਾਡਾ ਭਲਾ, ਨਾ ਦਿਓ ਤਾਂ ਵੀ ਤੁਹਾਡਾ ਭਲਾ।[5]

ਸ਼ੰਕਰ ਲਈ ਸੁਆਂਗ ਕਰਨਾ ਹੀ ਆਪਣਾ ਧਰਮ ਹੈ। ਸ਼ੰਕਰ ਭੰਡ ਦੀ ਕਲਾਕਾਰੀ ਦੀ ਪ੍ਰਸ਼ੰਸਾ ਰਾਜ ਦਰਬਾਰ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਰਾਜ ਦਰਬਾਰ ਸਥਾਪਤ ਸੱਤਾਧਾਰੀ ਨਿਜ਼ਾਮ ਦੀਆਂ ਕਦਰਾਂ ਕੀਮਤਾਂ ਦੀ ਪ੍ਰਤੀਨਿਧਤਾ ਕਰਦਾ ਹੈ। ਸੱਤਾ ਤੇ ਸਥਾਪਤ ਧਿਰ ਨਿੱਜੀ ਧਰਮ, ਅਰਥ ਅਤੇ ਗਿਆਨ ਨੂੰ ਸਵੈ ਸਰੋਕਾਰ ਲਈ ਵਰਤਦੀ ਹੈ। ਧਰਮ ਦੀਆਂ ਸਥਾਪਨਾਵਾਂ ਦੇ ਅਰਥ ਸੱਤਾ ਤੇ ਸਥਾਪਤ ਧਿਰ ਵੱਲੋਂ ਨਿਰਧਾਰਤ ਕੀਤੇ ਜਾਂਦੇ ਹਨ। ਰਾਜ ਦਰਬਾਰ ਵਿੱਚ ਇਕ ਔਰਤ ਪੇਸ਼ ਹੁੰਦੀ ਹੈ, ਉਸਦੇ ਤਿੰਨ ਸਾਲ ਦੇ ਬੇਟੇ ਨੂੰ ਡੈਣ ਚੱਕ ਕੇ ਲੈ ਗਈ ਹੈ। ਡੈਣ ਸੱਤਾ ਤੇ ਕਾਬਜ਼ ਧਿਰ ਲਈ ਵਰਤਿਆ ਗਿਆ ਚਿੰਨ੍ਹ ਹੈ। ਰਾਜ ਸਤਾ ਤੇ ਕਾਬਜ ਧਿਰ ਦਾ ਆਮ ਜਨਤਾ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਰਾਜ ਦਰਬਾਰੀ ਰਾਜੇ ਦੇ ਪਿੱਠੂ ਹੁੰਦੇ ਹਨ ਅਤੇ ਨਿਮਨ ਵਰਗ ਦੇ ਲੋਕਾਂ ਉਪਰ ਹੁੰਦੇ ਅਤਿਆਚਾਰ ਤੇ ਬਰਾਬਰ ਦੇ ਭਾਗੀਦਾਰ ਹੁੰਦੇ ਹਨ। ਸਰਕਾਰੀ ਅਹਿਲਕਾਰ ਰਾਜੇ ਦੀ ਕਠਪੁਤਲੀ ਹਨ :

**ਰਾਜਾ :** ਅੜਿਕਾ ਸਿੰਘ ਜੀ, ਤੁਸੀਂ ਤੇ ਜ਼ਰੂਰ ਉਸਨੂੰ ਵੇਖਿਆ ਹੋਵੇਗਾ।

**ਅੜਿਕਾ ਸਿੰਘ :** ਮਹਾਰਾਜ ਇਹ ਡੈਣਾਂ ਆਮ ਜਨਤਾ ਨੂੰ ਹੀ ਦਿੱਸਦੀਆਂ ਨੇ।

**ਰਾਜਾ :** ਅਸੀਂ ਇਸ ਡੈਣ ਦੀ ਸਮੱਸਿਆ ਤੋਂ ਬਹੁਤ ਪਰੇਸ਼ਾਨ ਹਾਂ।

**ਸਾਰੇ ਦਰਬਾਰੀ :** ਅਸੀਂ ਵੀ ਪਰੇਸ਼ਾਨ ਹਾਂ।

**ਰਾਜਾ :** ਅਸੀਂ ਬਹੁਤ ਦੁਖੀ ਹਾਂ।

**ਰਾਜਾ :** ਸਾਨੂੰ ਬਹੁਤ ਚਿੰਤਾ ਹੈ।

**ਸਾਰੇ :** ਸਾਨੂੰ ਵੀ ਬਹੁਤ ਚਿੰਤਾ ਹੈ।[6]

ਡੈਣ ਦੀ ਸਮੱਸਿਆ ਨਾਲ ਨਿਜੱਠਣ ਲਈ ਅਹਿਲਕਾਰਾਂ ਤੇ ਰਾਜੇ ਦਰਮਿਆਨ ਵਿਚਾਰ-ਚਰਚਾ ਚੱਲਦੀ ਹੈ। ਡੈਣ ਦੀ ਸਮੱਸਿਆ ਤੋਂ ਪਰੇਸ਼ਾਨ ਬਾਦਸ਼ਾਹ ਲਈ ਮੰਨੋਰੰਜਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਰਾਜ ਦਰਬਾਰ ਵਿੱਚ ਲੜਕੀਆਂ ਨਚਦੀਆਂ ਹਨ, ਸ਼ਰਾਬ ਦਾ ਦੌਰ ਚਲਦਾ ਹੈ। ਨਾਚ ਖਤਮ ਹੋਣ ਸਮੇਂ ਇਕ ਲੜਕੀ ਆ ਕੇ ਨੱਚਣ ਲਗਦੀ ਹੈ ਤੇ ਆਪਣੇ ਨਾਚ ਨਾਲ ਸਮੁੱਚੇ ਦਰਬਾਰ ਨੂੰ ਮੰਤਰ ਮੁਗਧ ਕਰ ਦਿੰਦੀ ਹੈ ਅਸਲ ਵਿੱਚ ਇਹ ਸ਼ੰਕਰ ਭੰਡ ਹੈ। ਸ਼ੰਕਰ ਭੰਡ ਨੂੰ ਡੈਣ ਦਾ ਸੁਆਂਗ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਸ਼ੰਕਰ ਭੰਡ ਰਾਜੇ ਸਮੇਤ ਸਮੁੱਚੇ ਦਰਬਾਰ ਨੂੰ ਸੁਚੇਤ ਕਰਦਾ ਹੈ ਕਿ ਡੈਣ ਦੇ ਸੁਆਂਗ ਵਿੱਚ ਕੋਈ ਵੀ ਅਣਹੋਣੀ ਵਾਪਰ ਸਕਦੀ ਹੈ।

ਦੂਸਰੇ ਦਿਨ ਰਾਜ ਦਰਬਾਰ ਵਿੱਚ ਇਕ ਡੈਣ ਪ੍ਰਵੇਸ਼ ਕਰਦੀ ਹੈ ਰਾਜ ਦਰਬਾਰ ਵਿੱਚ ਹਾਹਾਕਾਰ ਮਚ ਜਾਂਦੀ ਹੈ। ਜਿਸ ਦਾ ਜਿਧਰ ਮੂੰਹ ਆਇਆ ਦੌੜਨ ਲਗਦੇ ਹਨ। ਸ਼ਰਾਬ ਦੇ ਨਸ਼ੇ ਵਿੱਚ ਰਾਜੇ ਦਾ ਸਾਲਾ ਡਿੱਗ ਪੈਂਦਾ ਹੈ ਤੇ ਡੈਣ ਉਸ ਨੂੰ ਮਾਰ ਮਕਾਉਂਦੀ ਹੈ :

**ਕੋਤਵਾਲ :** ਮੈਨੂੰ ਯਕੀਨ ਨਹੀਂ ਹੁੰਦਾ ਕਿ ਸਰਕਾਰੀ ਸਾਲਾ ਸਾਹਿਬ ਪਰਲੋਕ ਪਹੁੰਚ ਗਏ ਨੇ, ਮੈਨੂੰ ਤਾਂ ਇਸ ਤਰ੍ਹਾਂ ਲੱਗਦਾ ਏ, ਜਿਵੇਂ ਹੁਣੇ ਈ ਹਮੇਸ਼ਾ ਦੀ ਤਰ੍ਹਾਂ ਨਸ਼ਾ ਉਤਰਨ ਤੋਂ ਬਾਅਦ ਸਾਲਾ ਸਾਹਿਬ ਉਠ ਕੇ ਬਹਿ ਜਾਣਗੇ, ਦਹਾੜਦੇ ਹੋਏ ਸ਼ਰਾਬ ਤੇ ਦਾਸੀਆਂ ਦੀ ਮੰਗ ਕਰਨਗੇ। ਮੰਗ ਪੂਰੀ ਨਾ ਹੋਣ ਤੇ ਜਿਹੜੀ ਵੀ ਦਾਸੀ ਮਿਲ ਗਈ ਉਹਦੇ ਨਾਲ ਬਲਾਤਕਾਰ ਕਰਨਗੇ।[7]

ਡੈਣ ਦੇ ਭੇਸ਼ ਵਿੱਚ ਸ਼ੰਕਰ ਭੰਡ ਹੁੰਦਾ ਹੈ, ਉਸ ਨੂੰ ਫੜ ਕੇ ਬੰਨ੍ਹ ਦਿੱਤਾ ਜਾਂਦਾ ਹੈ। ਰਾਜ ਦਰਬਾਰੀ ਸ਼ੰਕਰ ਨੂੰ ਮੌਤ ਦੀ ਸ਼ਜਾ ਦੇਣੀ ਚਾਹੁੰਦੇ ਹਨ। ਦਿੱਤੇ ਗਏ ਵਚਨ ਅਨੁਸਾਰ ਰਾਜਾ ਉਸਨੂੰ ਮੌਤ ਦੀ ਸਜਾ ਨਹੀਂ ਦੇ ਸਕਦਾ, ਫੈਸਲਾ ਇਹ ਕੀਤਾ ਜਾਂਦਾ ਹੈ ਕਿ ਸ਼ੰਕਰ ਭੰਡ ਰਾਜੇ ਦੇ ਮ੍ਰਿਤਕ ਸਾਲੇ ਨਾਲ ਸਤੀ ਦਾ ਸੁਆਂਗ ਰਚਾਵੇਗਾ। ਸ਼ੰਕਰ ਭੰਡ ਸਮਝ ਜਾਂਦਾ ਹੈ ਕਿ ਉਸਨੂੰ ਮੌਤ ਦੀ ਸਜਾ ਦੇਣ ਲਈ ਯੋਜਨਾ ਬਣਾਈ ਗਈ ਹੈ। ਸ਼ੰਕਰ ਭੰਡ ਨੂੰ ਸਤੀ ਦਾ ਸੁਆਂਗ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਰਾਜ ਦਰਬਾਰੀ ਸ਼ੰਕਰ ਭੰਡ ਦੀ ਕਲਾ ਦਾ ਮਜ਼ਾਕ ਉਡਾਉਂਦੇ ਹਨ। ਸ਼ੰਕਰ ਭੰਡ ਕਲਾ ਨੂੰ ਦਾਗ ਨਹੀਂ ਲੱਗਣ ਦਿੰਦਾ :

ਹਜੂਰ ! ਡਰ ਤਾਂ ਚੋਰੀ ਯਾਰੀ ਦਾ ਹੁੰਦਾ ਹੈ। ਭਲਾ, ਇਹਦੇ ਵਿੱਚ ਡਰਨ ਵਾਲੀ ਕਿਹੜੀ ਗੱਲ? ਇਸ ਸਆਂਗ ਤੋਂ ਬਾਅਦ ਸਿਰਫ ਇਸ ਬਖਸ਼ੀਸ਼ ਦੀ ਕਾਮਨਾ ਕਰਦਾ ਹਾਂ, ਕਿ ਮੇਰੀਆਂ ਅਸਥੀਆਂ ਕਿਸੇ ਦੇ ਹੱਥ ਮੇਰੇ ਘਰ ਪਹੁੰਚਾ ਦੇਣਾ ਮੇਰੀ ਇਹ ਵਸੀਅਤ ਸੁਣਾ ਦੇ ਣਾ ਕੇ ਰਿਜ਼ਕ ਦੀ ਮਰਿਆਦਾ ਸਭ ਤੋਂ ਉੱਚੀ ਹੈ। ਉਹ ਇਸੇ ਤਰ੍ਹਾਂ ਨਿਭਿਆ ਕਰੇ।[8]

ਸ਼ੰਕਰ ਭੰਡ ਚਿਤਾ ਵਿੱਚ ਬੈਠ ਕੇ ਸਤੀ ਦਾ ਸੁਆਂਗ ਕਰਦਾ ਹੋਇਆ ਸੜ ਕੇ ਮਰ ਜਾਂਦਾ ਹੈ। ਸ਼ੰਕਰ ਭੰਡ ਦਾ ਬੇਟਾ ਆਪਣੇ ਬਾਪ ਦੇ ਝੋਲੇ ਵਿੱਚੋਂ ਦਾਹੜੀ ਕੱਢ ਕੇ ਆਪਣੇ ਚਿਹਰੇ ਤੇ ਲਾਉਂਦਾ ਹੈ। ਰਿਜ਼ਕ ਕਲਾ ਦੀ ਮਰਿਯਾਦਾ ਨੂੰ ਪੇਸ਼ ਕਰਦੇ ਗੀਤ ਨਾਲ ਨਾਟਕ ਸਮਾਪਤ ਹੋ ਜਾਂਦਾ ਹੈ। ਬਹੁਰੂਪੀਆਂ ਇਕ ਕਲਾਕਾਰ ਦੇ ਜੀਵਨ ਯਥਾਰਥ ਦੀ ਕਹਾਣੀ ਪੇਸ਼ ਕਰਦਾ ਨਾਟਕ ਹੈ। ਬਹੁਰੂਪੀਆਂ ਕਲਾ ਨੂੰ ਸਮਰਪਿਤ ਹੈ ਅਤੇ ਕਲਾ ਲਈ ਜੀਵਨ ਲੀਲਾ ਦਾਅ ਤੇ ਲਾ ਦਿੰਦਾ ਹੈ।

***ਹਵਾਲੇ :***


*(1) ਕੇਵਲ ਧਾਲੀਵਾਲ, ਨਟਰੰਗ, ਪੰਨਾ 74.* ***(2)** ਉਹੀ ਲੇਖਕ, ਉਹੀ, ਪੰਨਾ 75.* ***(3)** ਉਹੀ ਲੇਖਕ, ਉਹੀ, ਪੰਨਾ 75.* ***(4)** ਉਹੀ ਲੇ ਖਕ, ਉਹੀ, ਪੰਨਾ 79.* ***(5)** ਉਹੀ ਲੇਖਕ, ਉਹੀ, ਪੰਨਾ 81.* ***(6)** ਉਹੀ ਲੇਖਕ, ਉਹੀ, ਪੰਨਾ 82.* ***(7)** ਉਹੀ ਲੇਖਕ, ਉਹੀ, ਪੰਨਾ 89.* ***(8)** ਉਹੀ ਲੇਖਕ, ਉਹੀ, ਪੰਨਾ 92.*


❁❁

UGC Approved Journal
Research Link
Since March 2002
An International, Registered & Referred Monthly Journal :
Punjabi Literature
Research Link - 166, Vol - XVI (11), January - 2018, Page No. 137-139
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਔਰਤ ਮੁਕਤੀ ਦਾ ਪ੍ਰਵਚਨ : ਸਵਰਾਜਬੀਰ ਦਾ ਨਾਟਕ ਸ਼ਇਰੀ

*ਉਹ ਆਪਣੀ ਜ਼ਿੰਦਗੀ ਨਾਲ ਜੁੜੀ ਹਰ ਸਮੱਸਿਆ ਦਾ ਮੁਕਾਬਲਾ ਕਰਦੀ ਹੈ ਭਾਵੇਂ ਸਮਾਜ ਹੋਵੇ, ਰਾਜਸੀ ਤਾਕਤ ਹੋਵੇ, ਗਰੀਬੀ ਹੋਵ, ਮਰਦ ਦੀ ਗੁਲਾਮੀ ਹੋਵੇ ਉਹ ਹਰੇਕ ਨਾਲ ਟੱਕਰ ਲੈਂਦੀ ਹੋਈ ਮਨੁੱਖ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦੀ ਹੈ ਕਿ ਔਰਤ ਮਰਦ ਦੇ ਪੈਰ ਦੀ ਜੁੱਤੀ ਨਹੀਂ। ਸ਼ਾਇਰੀ ਮਰਦ ਦਾ ਰਾਖਵਾਂ ਅਧਿਕਾਰ ਨਹੀਂ ਕਿ ਉਹ ਜਦੋਂ ਮਰਜ਼ੀ ਆਪਣੇ ਹੱਕ ਵਿੱਚ ਇਸ ਦੀ ਵਰਤੋਂ ਕਰ ਸਕੇ। ਇਸਤੇ ਔਰਤ ਦਾ ਵੀ ਬਰਾਬਰ ਦਾ ਹੱਕ ਹੈ। ਔਰਤ ਦੇਹ-ਭੋਗ ਦੀ ਵਸਤੂਨਹੀਂ ਕਿ ਮਰਦ ਜਦੋਂ ਚਾਹੇ ਉਸਨੂੰ ਵਰਤ ਕੇ ਸੁੱਟ ਦੇਵੇ ਉਹ ਵੀ ਮਨੁੱਖ ਹੋਣ ਦਾ ਰੁਤਬਾ ਰੱਖਦੀ ਹੈ।ਆਇਸ਼ਾ ਪੀਰੋ ਬਣ ਕੇ ਆਪਣੀ ਸ਼ਾਇਰੀ ਨੂੰ ਮਰਨ ਨਹੀਂ ਦਿੰਦੀ। ਉਹ ਮਰ ਕੇ ਵੀ ਇਸਨੂੰ ਜੀਵੰਤ ਰਖਦੀ ਹੈ। ਉਹ ਔਰਤ ਨੂੰ ਉਸਦੀ ਹੋਂਦ ਦਾ, ਆਜਾਦੀ ਦਾ, ਅਸਤਿਤਵ ਦਾ ਇਕ ਅਜਿਹਾ ਰਾਹ ਦਿਖਾਉਂਦੀ ਹੈ ਜਿਹੜਾ ਔਰਤ ਨੂੰ ਔਰਤ ਹੋਣ ਦਾ ਦਰਜ਼ਾ ਦਿੰਦਾ ਹੈ।*

**ਬਲਜੀਤ ਕੌਰ**

ਸਵਰਾਜਬੀਰ ਸਮਕਾਲੀ ਪੰਜਾਬੀ ਨਾਟ ਖੇਤਰ ਵਿਚ ਨਿਵੇਕਲੀ ਭਾਂਤ ਦੀ ਚਰਚਾ ਯੋਗ ਪਛਾਣ ਕਾਇਮ ਕਰਨ ਵਾਲਿਆਂ ਵਿੱਚੋਂ ਹੈ। ਉਸਦੇ ਨਾਟਕਾਂ ਦੀ ਵਿਲੱਖਣਤਾ ਵਿਸ਼ੇਸ਼ ਰਚਨਾਤਮਕ ਬਣਤਰ ਕਰਕੇ ਹੈ। ਸਮਾਜਿਕ ਸਮੱਸਿਆਵਾਂ ਨੂੰ ਯਥਾਰਥਵਾਦੀ ਵਿਧੀ ਨਾਲ ਪਾਠਕ ਦੇ ਸਨਮੁੱਖ ਰੱਖਣਾ ਉਸਦੀ ਕਲਮ ਦੀ ਖਾਸੀਅਤ ਹੈ। ਉਹ ਪੰਜਾਬੀ ਨਾਟਕ ਨੂੰ ਇੱਕ ਨਵੀਂ ਦਿਸ਼ਾ ਤੇ ਦਸ਼ਾ ਦੇਣ ਵਾਲਾ ਨਾਟਕਕਾਰ ਹੈ। ਉਹ ਆਪਣੇ ਨਾਟਕਾਂ ਵਿੱਚ ਅਜਿਹੇ ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ ਜਿਹੜੇ ਉਗਮਦੇ ਤਾਂ ਇਤਿਹਾਸ/ਮਿਥਿਹਾਸ ਵਿੱਚੋਂ ਹਨ ਪ੍ਰੰਤੂਉਨ੍ਹਾਂ ਦਾ ਸੰਬੰਧ ਅਜੋਕੇ ਜੀਵਨ ਨਾਲ ਹੁੰਦਾ ਹੈ। ਉਹ ਆਪਣੇ ਨਾਟਕਾਂ ਵਿੱਚ ਸਮਕਾਲੀ ਸਮਾਜ ਦੇ ਅਣਗੌਲੇ ਤੇ ਅਣਛੋਹੇ ਪਸਾਰਾਂ ਨੂੰ ਨਵੇਂ ਤੇ ਮੌਲਿਕ ਰੂਪ ਵਿੱਚ ਰੂਪਮਾਨ ਕਰਦਾ ਹੈ। ਉਸਦੇ ਨਾਟਕ ਸਮੁੱਚੇ ਸਮਾਜਕ ਢਾਂਚੇ ਦੀ ਨੁਕਾਬ ਕੁਸ਼ਾਈ ਕਰਦੇ ਹਨ।

ਸਵਰਾਜਬੀਰ ਆਪਣੇ ਨਾਟਕਾਂ ਵਿੱਚ ਔਰਤ ਦੀ ਉਸ ਮਾਨਸਿਕਤਾ ਨੂੰ ਪੇਸ਼ ਕਰਦਾ ਹੈ ਜਿਹੜੀ ਸਮਾਜਿਕ ਮਰਿਆਦਾ ਨੂੰ ਤੋੜ ਕੇ ਆਜਾਦੀ ਦੇ ਅਹਿਸਾਸ ਨੂੰ ਹੰਢਾਉਂਦੀ ਹੋਈ ਔਰਤ ਸ਼ਕਤੀ ਦਾ ਨਵਾਂ ਰਾਹ ਸਿਰਜਦੀ ਹੈ। ਮਰਦ ਸਦੀਆਂ ਤੋਂ ਹੀ ਔਰਤ ਨੂੰ ਗੁਲਾਮ ਬਣਾ ਕੇ ਰੱਖਣ ਦਾ ਚਾਹਵਾਨ ਰਿਹਾ ਹੈ। ਉਹ ਔਰਤ ਦੀ ਸੋਚ ਤੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਕੋਈ ਥਾਂ ਨਹੀਂ ਦਿੰਦਾ। ਜਿਸ ਕਾਰਨ ਔਰਤ ਦੁੱਖ ਭੋਗਦੀ ਹੈ।

ਇਸ ਨਾਟਕ ਵਿੱਚ ਸਵਰਾਜਬੀਰ ਪੰਜਾਬੀ ਦੀ ਪਹਿਲੀ ਸ਼ਾਇਰਾ ਪੀਰੋ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਨ ਦੇ ਨਾਲ ਨਾਲ ਉਸਦੀ ਰਚਨਾ ਨੂੰ ਉਸਦੀ ਸਮਾਜ ਪ੍ਰਤੀ ਸੋਚ ਤੇ ਸਮਾਜ ਦੇ ਔਰਤ ਪ੍ਰਤੀ ਦੇਖਣ ਦੇ ਨਜ਼ਰੀਏ ਨੂੰ ਬਹੁਤ ਹੀ ਬਾਰੀਕੀ ਨਾਲ ਪੇਸ਼ ਕਰਦਾ ਹੈ। ਇਹ ਨਾਟਕ ਪੀਰੋ ਦੀ ਜੀਵਨ ਗਾਥਾ ਬਿਆਨ ਕਰਨ ਦੇ ਨਾਲ ਨਾਲ ਉਸ ਵੇਲੇ ਦੇ ਸਮਾਜ ਵਿੱਚ ਔਰਤ ਦੀ ਦਸ਼ਾ ਤੇ ਸਥਿਤੀ ਨੂੰ ਬਿਆਨ ਕਰਦਾ ਹੈ।

ਇਸ ਨਾਟਕ ਦੇ ਸ਼ੁਰੂਵਿੱਚ ਅਸੀਂ ਦੇਖਦੇ ਹਾਂ ਕਿ ਮਰਦ ਨੂੰ ਔਰਤ ਦੀ ਸ਼ਾਇਰੀ ਕਰਨਾ ਪਸੰਦ ਨਹੀਂ ਉਸਦੀ ਸ਼ਾਇਰੀ ਖਿਲਾਫ ਕਈ ਬੰਦਿਸ਼ਾਂ ਤੇ ਰੋਕਾਂ ਲਗਾਈਆਂ ਜਾਂਦੀਆਂ ਹਨ। ਔਰਤ ਦਾ ਸ਼ਾਇਰੀ ਕਰਨਾ ਕੁਫਰ ਮੰਨਿਆ ਜਾਂਦਾ ਹੈ। ਲੋਕ ਹੈਰਾਨ ਹੁੰਦੇ ਹਨ ਕਿ ਆਇਸ਼ਾ (ਪੀਰੋ) ਇੱਕ ਔਰਤ ਹੋ ਕੇ ਸ਼ਾਇਰੀ ਕਿਵੇਂ ਕਰ ਸਕਦੀ ਹੈ। ਕਿਉਂਕਿ ਔਰਤ ਦਾ ਸ਼ਾਇਰੀ ਕਰਨਾ ਸਮਾਜ ਲਈ ਵਰਜਿਤ ਹੈ। ਔਰਤ ਸਮਾਜ ਵਿੱਚ ਰਹਿ ਕੇ ਮਰਦ ਦੇ ਖਿਲਾਫ ਜਾਣ ਦੀ ਕੋਸ਼ਿਸ਼ ਕਰਦੀ ਹੈ ਤਾਂ ਮਰਦ ਉਸਨੂੰ ਆਪਣੇ ਹਉਮੈਂ ਅਤੇ ਹੋਂਦ ਲਈ ਖਤਰਾ ਸਮਝਦਾ ਹੈ ਜਿਸ ਕਾਰਨ ਔਰਤ ਮਾਨਸਿਕ ਤਣਾਓ ਹੰਢਾਉਂਦੀ ਹੈ। ਪਰ ਸ਼ਾਇਰੀ ਨੂੰ ਉਹ ਆਪਣੇ ਤਨ ਤੇ ਰੂਹ ਦੀ ਖੁਰਾਕ ਸਮਝਦੀ ਹੈ ਤੇ ਸਮਾਜ ਲਈ ਇਹ ਹੈਰਾਨ ਹੋਣ ਵਾਲੀ ਗੱਲ ਹੈ :

***ਸੁਣ ਕੇ ਸ਼ਾਇਰੀ ਔਰਤ ਮੂਹੋਂ***
***ਮਰਦ ਹੋਇਆ ਹੈਰਾਨ***
***ਔਰਤ ਇਲਮ ਦਾ ਕੀ ਹੈ ਰਿਸ਼ਤਾ***
***ਬਹੁਤ ਹੀ ਪਰੇਸ਼ਾਨ*** (1)

ਮਰਦ ਦੀ ਮਾਨਕਿਤਾ ਇਸ ਗੱਲ ਨੂੰ ਮੰਨਣ ਲਈ ਤਿਆਰ ਹੀ ਨਹੀਂ ਕਿ ਇੱਕ ਔਰਤ ਵੀ ਸ਼ਾਇਰੀ ਕਰ ਸਕਦੀ ਹੈ। ਉਹ ਨਹੀਂ ਚਾਹੁੰਦਾ ਕਿ ਔਰਤ ਮਰਦ ਦੀ ਤਰ੍ਹਾਂ ਸੋਚੇ ਤੇ ਮਰਦ ਦੀ ਤਰ੍ਹਾਂ ਸ਼ਾਇਰੀ ਕਰੇ। ਰਹਿਮਤ ਅਲੀ, ਜਿਸ ਨਾਲ ਉਹ ਭੱਜ ਕੇ ਲਾਹੌਰ ਆ ਜਾਂਦੀ ਹੈ, ਵੀ ਉਸਦੇ ਤਨ ਨੂੰ ਵਰਤਣਾ ਚਾਹੁੰਦਾ ਹੈ। ਸ਼ਾਇਰੀ ਉਸ ਲਈ ਕੋਈ ਮਾਅਨੇ ਨਹੀਂ ਰੱਖਦੀ ਉਸਦੀਆਂ ਨਜ਼ਰਾਂ ਵਿੱਚ ਉਹ ਇੱਕ ਔਰਤ ਹੀ ਹੈ ਹੋਰ ਕੁੱਝ ਨਹੀਂ। ਉਹ ਔਰਤ ਜਿਹੜੀ ਸਿਰਫ ਮਰਦ ਲਈ ਜਿਉਂਦੀ ਹੈ। ਮਰਦ ਦੀ ਦਾਸੀ ਹੈ ਤੇ ਉਸਦੀ ਗੁਲਾਮ ਹੈ। ਗੁਲਾਮ ਕਦੇ ਵੀ ਆਪਣੀ ਮਨ-ਮਰਜੀ ਦਾ ਜੀਵਨ ਬਤੀਤ ਨਹੀਂ ਕਰ ਸਕਦਾ। ਉਹ ਆਇਸ਼ਾ ਨੂੰ ਆਖਦਾ ਹੈ :

**ਰਹਿਮਤ ਅਲੀ :** "ਨਹੀਂ ਆਇਸ਼ਾ ਨਹੀਂ ਇਹ ਕੰਮ ਬੰਦ ਕਰ। ਜਿੰਨਾਂ ਦੀ ਰੀਸ ਤੂੰ ਕਰ ਰਹੀ ਏ ਉਹ ਸਾਈਂ ਲੋਕ ਨੇ। ਇਹ ਪੜ੍ਹਨਾ ਕੁੜੀਆਂ ਚਿੜੀਆਂ ਦਾ ਕੰਮ ਨਈਂ।"(2)

ਮਰਦ ਸਦੀਆਂ ਤੋਂ ਔਰਤ ਨੂੰ ਆਪਦੀ ਮਰਜੀ ਮੁਤਾਬਕ

*ਅਸਿਸਟੈਂਟ ਪ੍ਰੋਫੈਸਰ ਇਨ ਪੰਜਾਬੀ, ਪੰਜਾਬੀ ਵਿਭਾਗ (ਪੀ.ਜੀ.), ਭਾਗ ਸਿੰਘ ਖਾਲਸਾ ਕਾਲਜ ਫਾਰ ਵਿਮਨ, ਕਾਲਾ ਟਿੱਬਾ, ਅਬੋਹਰ*

ਭੋਗਦਾ ਆਇਆ ਹੈ। ਜਦੋਂ ਔਰਤ ਆਪਣੀ ਰਜਾ ਦੀ ਆਪ ਮਾਲਕ ਬਣਦੀ ਹੈ ਤਾਂ ਮਰਦ ਉਸ ਤੋਂ ਸਾਰੇ ਹੱਕ ਖੋਹ ਕੇ ਉਸਨੂੰ ਦਾਸੀ ਬਣਨ ਲਈ ਮਜਬੂਰ ਕਰ ਦਿੰਦਾ ਹੈ। ਰਹਿਮਤ ਅਲੀ ਜਿਹੜਾ ਕਿ ਆਇਸ਼ਾ ਨੂੰ ਆਪਣੇ ਭੋਗਣ ਲਈ ਘਰੋਂ ਭਜਾ ਕੇ ਲਿਆਇਆ ਸੀ ਇਲਾਹੀ ਬਖ਼ਸ਼ ਜਿਹੜਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਤੋਪਖਾਨੇ ਦਾ ਮੁਖੀ ਹੈ ਦੇ ਕੋਲ ਵੇਚ ਦਿੰਦਾ ਹੈ। ਇਲਾਹੀ ਬਖ਼ਸ਼ ਵੀ ਆਇਸ਼ਾ ਨੂੰ ਉਸਦੇ ਤਨ ਦੀ ਮਹਿਮਾ ਕਰਕੇ ਹੀ ਭੋਗਣਾ ਚਾਹੁੰਦਾ ਹੈ ਪਰ ਉਸਦੀ ਸ਼ਾਇਰੀ ਕਰਨਾ ਉਸਨੂੰ ਪਸੰਦ ਨਹੀਂ। ਉਹ ਆਖਦਾ ਹੈ:

**ਇਲਾਹੀ ਬਖ਼ਸ਼ :** "ਫਿਰ ਸ਼ਾਇਰੀ ਤੇ ਸ਼ਾਇਰੀ ਦੀਆਂ ਗੱਲਾਂ, ਤੈਨੂੰ ਹਜਾਰ ਵਾਰ ਕਿਹਾ ਏ...... ਇਹ ਕੰਮ ਬੰਦ ਕਰ। ਅੱਗੇ ਹੀ ਲੋਕੀ ਗੱਲਾਂ ਕਰਦੇ ਨੇ। ਸ਼ਾਇਰ ਮਰਦ ਦਾ ਕੰਮ ਏ। ..... ਮੈਂ ਤੇਰੇ ਤੋਂ ਜਾਨ ਦੇ ਸਕਦਾ ਆਂ ਆਇਸ਼ਾ ...... ਪਰ ਤੇਰੀ ਇਹ ਸ਼ਾਇਰੀ....... ਇਹ..... ਇਹ ਮੈਥੋਂ ਬਰਦਾਸ਼ਤ ਨਹੀਓਂ ਹੋਣੀ।"(3)

ਆਇਸ਼ਾ ਨੂੰ ਮਰਦ ਵਾਰ ਵਾਰ ਵੇਚਦਾ ਹੈ ਜਿਸ ਕਾਰਨ ਆਇਸ਼ਾ ਦੀ ਮਾਨਸਿਕਤਾ ਵਲੂੰਧਰੀ ਜਾਂਦੀ ਹੈ। ਉਸਦਾ ਮਨ ਗੋਹੇ ਦੀ ਤਰ੍ਹਾਂ ਧੁੱਖਣ ਲੱਗਦਾ ਹੈ ਤੇ ਉਹ ਦੁਵਿਧਾ ਵਿੱਚ ਫੱਸ ਜਾਂਦੀ ਹੈ। ਉਹ ਸਮਾਜਿਕ ਚੌਖਟਿਆਂ ਨੂੰ ਤੋੜਨਾ ਚਾਹੁੰਦੀ ਹੈ। ਉਹ ਸਮਾਜ ਦੀਆਂ ਤੰਗ ਵਲਗਣਾਂ ਤੋਂ ਬਾਹਰ ਨਿਕਲਣਾ ਚਾਹੁੰਦੀ ਹੈ ਪਰ ਮਰਦ ਦੀ ਸੋਚ ਤੇ ਨਜ਼ਰੀਆ ਇਹ ਮੰਨਣ ਲਈ ਤਿਆਰ ਨਹੀਂ। ਉਸਦੀ ਨਜ਼ਰ ਵਿੱਚ ਔਰਤ ਸ਼ਇਰੀ ਨਹੀਂ ਕਰ ਸਕਦੀ। ਔਰਤ ਸਿਰਫ ਨੱਚ ਸਕਦੀ ਹੈ, ਗਾ ਸਕਦੀ ਹੈ ਤੇ ਮਰਦ ਦਾ ਦਿਲ ਬਿਹਲਾ ਸਕਦੀ ਹੈ, ਇਸ ਤੋਂ ਅੱਗੇ ਹੋਰ ਕੁੱਝ ਨਹੀਂ ਕਰ ਸਕਦੀ। ਗਾਇਕ ਮੰਡਲੀ ਦਾ ਇਹ ਗੀਤ ਇਸ ਦੀ ਗਵਾਹੀ ਦਿੰਦਾ ਹੈ:

***"ਇਹ ਦੁਨੀਆਂ ਮਰਦਾਂ ਦੀ ਦੁਨੀਆਂ,***
***ਸ਼ਾਇਰੀ ਕਰੇ ਕਿਉਂ ਤੀਵੀਂ?***
***ਨੱਚੇ, ਗਾਏ, ਦਿਲ ਬਹਿਲਾਏ,***
***ਤੀਵੀਂ ਤਾਂ ਹੈ ਨੀਵੀਂ।***
***ਬੋਲੇ ਮਰਦ ਤਾਂ ਜੱਗ ਹੈ ਸੁਣਦਾ***
***ਪਰ ਕਿਉਂ ਬੋਲੇ... ਤੀਵੀਂ?"*** (4)

ਆਇਸ਼ਾ ਹਰ ਪੱਖ ਤੋਂ ਮਰਦ ਨਾਲ ਟੱਕਰ ਲੈਂਦੀ ਹੈ ਮਰਦ ਉਸਨੂੰ ਸ਼ਾਇਰੀ ਕਰਨ ਤੋਂ ਵਰਜਦਾ ਹੈ ਪਰ ਉਹ ਸ਼ਾਇਰੀ ਨੂੰ ਪਿਆਰ ਕਰਦੀ ਹੈ। ਉਸਦੇ ਜਿਸਮ ਨੂੰ ਥਾਂ-ਥਾਂ ਤੇ ਵੇਚਿਆ ਜਾਂਦਾ ਹੈ ਪਰ ਉਹ ਇਸਦੀ ਪਰਵਾਹ ਨਹੀਂ ਕਰਦੀ। ਉਹ ਇਲਾਹੀ ਬਖ਼ਸ਼ ਵਰਗੇ ਅਮੀਰ ਸੈਨਾਪਤੀ ਦੀ ਹਵੇਲੀ ਦੇ ਐਸ਼ੋ-ਆਰਾਮ ਤਿਆਗ ਕੇ ਇੱਕ ਫਕੀਰ ਨਾਲ ਆ ਜਾਂਦੀ ਹੈ ਤੇ ਫਿਰ ਸੰਤ ਗੁਲਾਬ ਦਾਸ ਦੇ ਡੇਰੇ ਪਹੁੰਚ ਜਾਂਦੀ ਹੈ।

ਜਾਗੀਰਦਾਰੀ ਸਮਾਜ ਸ਼ੁਰੂਤੋਂ ਹੀ ਮਰਦ ਦੇ ਹੱਕ ਵਿੱਚ ਭੁਗਤਦਾ ਰਿਹਾ ਹੈ। ਔਰਤ ਦੇ ਮੁਕਾਬਲੇ ਮਰਦ ਦੀ ਹਸਤੀ ਹਮੇਸ਼ਾਂ ਹੀ ਦਬਾਉਣ ਵਾਲੀ ਰਹੀ ਹੈ। ਉਹ ਜਿੱਥੇ ਵੀ ਜਾਂਦੀ ਹੈ ਉਸਨੂੰ ਦਬਾਇਆ ਜਾਂਦਾ ਹੈ। ਜਗੀਰਦਾਰੀ ਸਮਾਜ ਵਿੱਚ ਲੋਕ-ਮਾਨਸਿਕਤਾ ਕਦੇ ਵੀ ਔਰਤ ਨੂੰ ਤਾਲੀਮ ਦੇਣ ਦੇ ਹੱਕ ਵਿੱਚ ਨਹੀਂ ਰਹੀ। ਜਦੋਂ ਆਇਸ਼ਾ ਰਹਿਮਤ ਅਲੀ ਨਾਲ ਘਰੋਂ ਭੱਜ ਜਾਂਦੀ ਹੈ ਤਾਂ ਤਾਲੀਮ ਨੂੰ ਇਸਦਾ ਮੁੱਖ ਕਾਰਨ ਸਮਝਿਆ ਜਾਂਦਾ ਹੈ। ਆਇਸ਼ਾ ਦੀ ਮਤਰੇਈ ਮਾਂ ਆਖਦੀ ਹੈ:

**ਸ਼ਰੀਫਾ :**"ਆਇਸ਼ਾ ਦੇ ਅੱਬਾ, ਸਾਰਾ ਇਹ ਪੁਆੜਾ ਤੇਰਾ ਈ ਪਾਇਆ ਹੋਇਐ। ਵਾਰ-ਵਾਰ ਕਹਿ ਰਹੀ ਕਿ ਨਾ ਭੇਜੋ ਨਿਆਣੀ ਨੂੰ ਮੌਲਵੀ ਕੋਲ... ਪਰ ਮੇਰੀ ਕੋਈ ਸੁਣਦਾ ਐ ..... ਮਤਰੇਈ ਜੁ ਹੋਈ .... ਅਖੇ ਤਾਲੀਮ ਦਿਵਾਉਣੀ ਲੈ..... ਹੁਣ ਵੇਖ ਲਉ... ਤਾਲੀਮ ਦਾ ਅਸਰ।"(5)

ਜਗੀਰੂ ਸਮਾਜ ਤਾਲੀਮ ਪ੍ਰਤੀ ਨਕਾਰਾਤਮਕ ਸੋਚ ਦਾ ਧਾਰਨੀ ਹੈ ਕਿਉਂਕਿ ਜਦ ਵੀ ਮਨੁੱਖ ਨੇ ਤਾਲੀਮ ਹਾਸਲ ਕੀਤੀ ਹੈ, ਉਸਨੂੰ ਆਪੇ ਦੀ ਸੋਝੀ ਆ ਜਾਂਦੀ ਹੈ। ਉਸਦੀ ਸੋਚ ਤੇ ਵਿਚਾਰਸ਼ੀਲਤਾ ਜਾਗੀਰੁਸਮਾਜ ਦੇ ਵਿਰੋਧ ਚ ਖੜੀ ਹੁੰਦੀ ਹੈ ਪਰ ਜਦੋਂ ਇਹ ਤਾਲੀਮ ਔਰਤ ਹਾਸਲ ਕਰਦੀ ਹੈ ਤਾਂ ਸਮੁੱਚੇ ਸਮਾਜ ਦੇ ਲਈ ਅਸਿਹ ਹੋ ਜਾਂਦੀ ਹੈ। ਸਮਾਜ ਕਦੇ ਵੀ ਇਸ ਗੱਲ ਦੀ ਇਜ਼ਾਜਤ ਨਹੀਂ ਦਿੰਦਾ ਕਿ ਔਰਤ ਮਰਦ ਦੇ ਬਰਾਬਰ ਦਾ ਹੱਕ ਪ੍ਰਾਪਤ ਕਰੇ। ਜਿਸ ਕਾਰਨ ਉਹ ਔਰਤ ਨੂੰ ਦਬਾਉਣ ਲਈ ਹਰ ਤਰ੍ਹਾਂ ਦੀ ਤਾਕਤ ਦੀ ਵਰਤੋਂ ਕਰਦਾ ਹੈ। ਇਲਾਹੀ ਬਖ਼ਸ਼ ਵੀ ਆਇਸ਼ਾ ਨੂੰ ਆਖਦਾ ਹੈ:

***"ਮਰਦ ਹੀ ਹਾਕਮ, ਮਰਦ ਹੀ ਮਾਲਿਕ,***
***ਨਾਰੀ ਤਾਂ ਪਰਛਾਵਾਂ।***
***ਮਰਦ ਬਿਨਾਂ ਨਾ ਨਾਰੀ ਹੋਵੇ,***
***ਮੁੜ-ਮੁੜ ਮੈਂ ਸਮਝਾਵਾਂ।***
***ਜਾਤ ਮਰਦ ਦੀ ਉੱਚੀ ਅੜੀਏ***
***ਤੀਵੀਂ ਜਾਤ ਖੜਾਵਾਂ।"*** (6)

ਮਰਦ ਲਈ ਔਰਤ ਪੈਰਾਂ ਦੀ ਖੜਾਵ ਹੈ ਪਰ ਔਰਤ ਦਾ ਜ਼ਜਬਾ ਸੱਚਾ-ਸੁੱਚਾ ਹੈ। ਉਹ ਆਪਣਾ ਆਪਾ ਤਕ ਮਰਦ ਨੂੰ ਸਮਰਪਿਤ ਕਰ ਦਿੰਦੀ ਹੈ ਪਰ ਮਰਦ ਆਪਣੀ ਹੈਂਕੜ ਤੇ ਸ਼ਕਤੀ ਸਦਕਾ ਔਰਤ ਨੂੰ ਦਬਾ ਕੇ ਰੱਖਣਾ ਚਾਹੁੰਦਾ ਹੈ।

ਉਹ ਮੁਹੱਬਤ ਦੇ ਸੱਚੇ-ਸੁੱਚੇ ਪਵਿੱਤਰ ਜ਼ਜਬੇ ਵਿੱਚ ਬੱਝੀ ਹੋਈ ਹੈ ਪਰ ਰਹਿਮਤ ਅਲੀ ਉਸ ਨਾਲ ਬੇਵਫਾਈ ਕਰਦਾ ਹੈ ਤੇ ਉਹ ਇਲਾਹੀ ਬਖ਼ਸ਼ ਨੂੰ ਅਪਣਾ ਲੈਂਦੀ ਹੈ। ਉਸਨੂੰ ਪਿੰਡ ਦੀਆਂ ਗਲੀਆਂ ਸੌੜੀਆਂ ਲੱਗਣ ਲੱਗਦੀਆਂ ਹਨ। ਉਸਨੂੰ ਉਸ ਸੁਪਨੇ ਨਾਲ ਮੁਹੱਬਤ ਹੋ ਜਾਂਦੀ ਹੈ ਜਿਹੜਾ ਉਸਨੂੰ ਪਿੰਡੋਂ ਬਾਹਰ ਲੈ ਜਾਵੇ।

**ਆਇਸ਼ਾ :**"ਇਸ ਗੱਲ ਬਾਰੇ ਮੈਂ ਬਹੁਤ ਸੋਚਿਆ ਏ ਹਜੂਰ... ਤੇ ਮੈਨੂੰ ਲੱਗਦਾ ਏ..... ਕਿ ਮੈਨੂੰ ਰਹਿਮਤ ਅਲੀ ਨਾਲ ਨਈਂ ਇੱਕ ਸੁਪਨੇ ਨਾਲ ਮੁਹੱਬਤ ਹੋ ਗਈ ਸੀ।"

**ਇਲਾਹੀ ਬਖ਼ਸ਼ :**"ਸੁਪਨੇ ਨਾਲ। ਉਹ ਕਿਵੇਂ?"

**ਆਇਸ਼ਾ :** "ਉਹ ਸੁਪਨਾ ਹਜੂਰ, ਜੋ ਮੈਨੂੰ ਪਿੰਡ ਤੋਂ ਬਾਹਰ ਲੈ ਜਾਵੇ।"(7)

ਆਇਸ਼ਾ ਦੀਆਂ ਅੱਖਾਂ ਵਿੱਚ ਬਹੁਤ ਸਾਰੇ ਸੁਪਨੇ ਜਾਗਦੇ ਹਨ ਇਹਨਾਂ ਸੁਪਨਿਆਂ ਨੂੰ ਪੂਰਾ ਕਰਨ ਦੇ ਲਈ ਉਹ ਪਿੰਡ ਛੱਡ ਕੇ ਲਾਹੌਰ ਆ ਜਾਂਦੀ ਹੈ। ਲਾਹੌਰ ਪਹੁੰਚ ਕੇ ਉਹ ਸੁਪਨਿਆਂ ਨੂੰ ਪੂਰਾ ਕਰਨਾ ਚਾਹੁੰਦੀ ਪਰ ਜਦੋਂ ਜਿੰਦਗੀ ਦੇ ਯਥਾਰਥ ਨਾਲ ਟਕਰਾਉਂਦੀ ਹੈ ਤਾਂ ਉਸਦੇ ਸੁਪਨੇ ਚੂਰ-ਚੂਰ ਹੋ ਜਾਂਦੇ ਹਨ। ਉਹ ਸੁਪਨੇ ਤੇ ਸ਼ਾਇਰੀ ਦੋਨਾਂ ਨੂੰ ਪਿਆਰ ਕਰਦੀ ਹੈ। ਸ਼ਾਇਰੀ ਕਰਨਾ ਉਸਦੀ ਜਿੰਦਗੀ ਦਾ ਸਭ ਤੋਂ ਵੱਡਾ ਸੱਚ ਹੈ। ਉਸਦੇ ਤਨ ਤੇ ਮਨ ਦੋਨੋ ਸ਼ਾਇਰੀ ਵਿੱਚ ਡੁੱਬੇ ਹੋਏ ਹਨ ਉਹ ਇਸ ਨੂੰ ਪਾਉਣ ਦੀ ਖਾਤਿਰ ਪੁਰਸ਼ ਪ੍ਰਧਾਨ ਸਮਾਜ ਦੀਆਂ ਉਲੀਕੀਆਂ ਹੋਈਆਂ ਹੱਦਾਂ ਨੂੰ ਪਾਰ ਕਰਕੇ ਆਪਣਾ ਤਨ ਤੇ ਮਨ ਸ਼ਾਇਰੀ ਵਿੱਚ ਰੰਗਦੀ ਹੋਈ ਔਰਤ ਦੀ ਆਜਾਦੀ ਦਾ ਪ੍ਰਤੀਕ ਬਣ ਕੇ ਉਭਰਦੀ ਹੈ। ਉਹ ਸ਼ਾਇਰੀ ਦੀ ਖਾਤਰ ਸਮੇਂ ਦਾ ਸਮਾਜ ਵਿਰੁੱਧ ਵਿਦਰੋਹ ਕਰਦੀ ਹੈ ਕਿਉਂਕਿ ਸ਼ਾਇਰੀ ਕਰਨਾ ਸਮਾਜਿਕ ਨਿਯਮਾਂ ਦੇ ਖਿਲਾਫ ਹੈ। ਔਰਤ ਨੂੰ ਸਮਾਜ ਵਿੱਚ ਰਹਿ ਕੇ ਮਰਦ ਦੀ ਮਰਜ਼ੀ ਮੁਤਾਬਿਕ ਜੀਵਨ ਜਿਉਣਾ ਪੈਂਦਾ ਹੈ ਉਹ ਭਾਵੇਂ ਖਰੀਦੀ ਹੋਵੇ, ਵਿਆਹੀ ਹੋਵੇ ਜਾਂ ਕੱਢੀ ਹੋਵੇ ਮਰਦ ਦੀ ਮਰਜ਼ੀ ਹੈ ਉਹ ਉਸਨੂੰ ਜਿਵੇਂ ਮਰਜੀ ਵਰਤ। ਮਰਦ ਔਰਤ ਨੂੰ ਵਸਤੂਦੀ ਤਰ੍ਹਾਂ ਵਰਤਦਾ ਹੋਇਆ ਉਸਦੇ ਤਨ ਤੇ ਮਨ ਦੀ ਮਰਜ਼ੀ ਨੂੰ ਖਤਮ ਕਰ ਦਿੰਦਾ ਹੈ ਔਰਤ ਨੂੰ ਸਿਰਫ ਔਰਤ ਹੋਣ ਕਰਕੇ ਹੀ ਮਨਮਰਜੀ ਨਾਲ ਰਹਿਣ ਦੇ ਹੱਕ ਤੋਂ ਵਾਂਝਾ ਕਰ ਦਿੰਦਾ ਹੈ। ਆਇਸ਼ਾ ਇਸਦਾ ਹਰ ਕਦਮ ਤੇ ਵਿਰੋਧ ਕਰਦੀ ਹੈ ਉਹ ਇਲਾਹੀ ਬਖ਼ਸ਼ ਨੂੰ ਆਖਦੀ ਹੈ:

*"ਲੀਰੋ-ਲੀਰ ਤੀਵੀਂ ਦਾ ਅੰਬਰ*
*ਉਥੇ ਤ੍ਰੋਪੇ ਲਾਵਾਂ।*
*ਸੇਕਾਂ ਸੁਖਨ ਇਲਮ ਦੀ ਅੱਗ ਤੇ*
*ਚੁਲਾਂ ਨਵਾਂ ਧੁਖਾਵਾਂ।*
*ਓਸ ਅਗਨੀ ਤੇ ਉਸ ਧੁੰਏਂ ਦਾ*
*ਸੁਪਨਾਂ ਨਵਾਂ ਬਣਾਵਾਂ*
*ਮਰਦਾਂ ਦੀ ਤਾਕਤ ਨੂੰ ਪਰਖਾਂ*
*ਨਾਰੀ ਫਿਰ ਕਹਿਲਾਵਾਂ।*
*ਨਾਰੀ....."*[8]

ਉਹ ਆਪਣੇ ਸੁਪਨੇ ਨੂੰ ਪਾਉਣ ਦੀ ਖਾਤਿਰ ਇਕ ਨਵਾਂ ਰਾਹ ਅਖਤਿਆਰ ਕਰਦੀ ਹੈ। ਉਹ ਰਾਹ ਹੈ ਗੁਲਾਬ ਦਾਸ ਦੇ ਡੇਰੇ ਵਿੱਚ ਜਾਣ ਦਾ। ਗੁਲਾਬ ਦਾਸ ਦਾ ਡੇਰਾ ਸੱਚੀ ਸੁੱਚੀ ਮੁਹੱਬਤ ਤੇ ਸ਼ਾਇਰੀ ਦਾ ਪ੍ਰਤੀਕ ਬਣ ਕੇ ਉਸਦੀ ਹਨੇਰੀ ਜਿੰਦਗੀ ਵਿੱਚ ਚਾਨਣ ਭਰ ਦਿੰਦਾ ਹੈ। ਗੁਲਾਬ ਦਾਸ ਆਪ ਵੀ ਇੱਕ ਚੰਗਾ ਲੇਖਕ ਤੇ ਕਵੀ ਸੀ। ਉਸਦਾ ਡੇਰਾ ਸੁਤੰਤਰ ਵਿਚਾਰਾਂ ਦਾ ਪੱਖ ਪੂਰਦਾ ਹੈ। ਜਿਸ ਕਾਰਨ ਆਇਸ਼ਾ ਦੀ ਸ਼ਾਇਰੀ ਉੱਤੇ ਕੋਈ ਰੋਕ ਨਹੀਂ । ਗੁਲਾਬ ਦਾਸ ਆਇਸ਼ਾ ਨੂੰ ਤਨ ਤੇ ਮਨ ਦੋਨਾਂ ਤੋਂ ਪ੍ਰਵਾਨ ਕਰਦਾ ਹੈ। ਉਹ ਆਇਸ਼ਾ ਤੋਂ ਪੀਰੋ ਬਣ ਜਾਂਦੀ ਹੈ।

**ਗਾਇਕ ਮੰਡਲੀ :**

*ਉਹ ਪੀਰ ਉਹ ਪੀਰੋ ਲੋਕੋ*
*ਫਰਕ ਰਿਹਾ ਨਾ ਕਾਈ*
*ਵੱਖਰੇ ਮਜ਼੍ਹਬ ਤੇ ਜਾਤੀ ਵੱਖਰੀ*
*ਜਾਤ ਧਰਮ ਦੇ ਮੁਕੇ ਝੇੜੇ*
*ਸਾਂਝਾ ਭਇਆ ਬਸੇਰਾ*
*ਸ਼ਾਇਰ ਗੁਲਾਬ ਤੇ ਪੀਰੋ ਸ਼ਾਇਰਾ*
*ਸ਼ਾਇਰੀ ਸੁਖਨ ਸਵੇਰਾ*
*ਸ਼ਾਇਰੀ........*
*ਸ਼ਾਇਰੀ........*[9]

ਆਇਸ਼ਾ ਦੁੱਖਾਂ, ਮੁਸੀਬਤਾਂ, ਮੁਸ਼ਕਿਲਾਂ ਦਾ ਲੰਬਾ ਸਫਰ ਤੈਅ ਕਰਦੀ ਹੈ। ਉਹ ਸ਼ਾਇਰੀ ਕਰਦੀ ਹੈ ਤਾਂ ਵੀ ਲੋਕਾਂ ਨੂੰ ਪਸੰਦ ਨਹੀਂ, ਤਪ ਕਰਦੀ ਹੈ ਤਾਂ ਵੀ ਲੋਕਾਂ ਨੂੰ ਪਸੰਦ ਨਹੀਂ। ਤਨ ਤੇ ਰੂਹ ਦੇ ਝਗੜਿਆਂ 'ਚੋਂ ਲੰਘਦੀ ਹੋਈ ਉਹ ਆਪਣੀ ਸਮੁੱਚੀ ਜਿੰਦਗੀ ਸ਼ਾਇਰੀ ਦੇ ਨਾਂ ਅਰਪਨ ਕਰ ਦਿੰਦੀ ਹੈ। ਉਸਨੂੰ ਜ਼ਹਿਰ ਦੇ ਕੇ ਮਾਰਿਆ ਜਰੂਰ ਜਾਂਦਾ ਹੈ ਪਰ ਉਸਨੂੰ ਇਸ ਦਾ ਦੁੱਖ ਨਹੀਂ ਕਿਉਂਕਿ ਉਸਦਾ ਭਰ ਜਵਾਨੀ ਵਿੱਚ ਲਿਆ ਸ਼ਾਇਰੀ ਦਾ ਸੁਪਨਾ ਪੂਰਾ ਹੋ ਜਾਂਦਾ ਹੈ। ਇਹ ਦੇਖਣ ਨੂੰ ਬਹੁਤ ਵੱਡਾ ਦੁਖਾਂਤ ਲੱਗਦਾ ਹੈ ਪਰ ਆਇਸ਼ਾ ਆਪਣੀ ਜਿੰਦਗੀ ਸ਼ਾਇਰੀ ਲਈ ਨਿਛਾਵਰ ਕਰਕੇ ਔਰਤ ਜਾਤੀ ਲਈ ਮੁਕਤੀ ਦਾ ਰਾਹ ਖੋਲ੍ਹਦੀ ਹੈ।

ਉਹ ਆਪਣੀ ਜਿੰਦਗੀ ਨਾਲ ਜੁੜੀ ਹਰ ਸਮੱਸਿਆ ਦਾ ਮੁਕਾਬਲਾ ਕਰਦੀ ਹੈ ਭਾਵੇਂ ਸਮਾਜ ਹੋਵੇ, ਰਾਜਸੀ ਤਾਕਤ ਹੋਵੇ, ਗਰੀਬੀ ਹੋਵ, ਮਰਦ ਦੀ ਗੁਲਾਮੀ ਹੋਵੇ ਉਹ ਹਰੇਕ ਨਾਲ ਟੱਕਰ ਲੈਂਦੀ ਹੋਈ ਮਨੁੱਖ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦੀ ਹੈ ਕਿ ਔਰਤ ਮਰਦ ਦੇ ਪੈਰ ਦੀ ਜੁੱਤੀ ਨਹੀਂ। ਸ਼ਾਇਰੀ ਮਰਦ ਦਾ ਰਾਖਵਾਂ ਅਧਿਕਾਰ ਨਹੀਂ ਕਿ ਉਹ ਜਦੋਂ ਮਰਜ਼ੀ ਆਪਣੇ ਹੱਕ ਵਿੱਚ ਇਸ ਦੀ ਵਰਤੋਂ ਕਰ ਸਕੇ । ਇਸਤੇ ਔਰਤ ਦਾ ਵੀ ਬਰਾਬਰ ਦਾ ਹੱਕ ਹੈ। ਔਰਤ ਦੇਹ-ਭੋਗ ਦੀ ਵਸਤੂਨਹੀਂ ਕਿ ਮਰਦ ਜਦੋਂ ਚਾਹੇ ਉਸਨੂੰ ਵਰਤ ਕੇ ਸੁੱਟ ਦੇਵੇ ਉਹ ਵੀ ਮਨੁੱਖ ਹੋਣ ਦਾ ਰੁਤਬਾ ਰੱਖਦੀ ਹੈ।

ਆਇਸ਼ਾ ਪੀਰੋ ਬਣ ਕੇ ਆਪਣੀ ਸ਼ਾਇਰੀ ਨੂੰ ਮਰਨ ਨਹੀਂ ਦਿੰਦੀ। ਉਹ ਮਰ ਕੇ ਵੀ ਇਸਨੂੰ ਜੀਵੰਤ ਰਖਦੀ ਹੈ। ਉਹ ਔਰਤ ਨੂੰ ਉਸਦੀ ਹੋਂਦ ਦਾ, ਆਜਾਦੀ ਦਾ, ਅਸਤਿਤਵ ਦਾ ਇਕ ਅਜਿਹਾ ਰਾਹ ਦਿਖਾਉਂਦੀ ਹੈ ਜਿਹੜਾ ਔਰਤ ਨੂੰ ਔਰਤ ਹੋਣ ਦਾ ਦਰਜ਼ਾ ਦਿੰਦਾ ਹੈ।

**ਹਵਾਲੇ :**


*(1) ਸਵਰਾਜਬੀਰ, ਸ਼ਾਇਰੀ, ਪੰਨਾ 25.*
*(2) ਉਹੀ ਲੇਖਕ, ਉਹੀ, ਪੰਨਾ 31.*
*(3) ਉਹੀ, ਪੰਨਾ 54.*
*(4) ਉਹੀ, ਪੰਨਾ 54.*
*(5) ਉਹੀ, ਪੰਨਾ 20.*
*(6) ਉਹੀ, ਪੰਨਾ 55.*
*(7) ਉਹੀ, ਪੰਨਾ 48.*
*(8) ਉਹੀ, ਪੰਨਾ 55.*
*(9) ਉਹੀ, ਪੰਨਾ 139.*



**UGC -**
**APPROVED - JOURNAL**



UGC Journal Details

| | |
|---|---|
| Name of the Journal : | Research Link |
| ISSN Number : | 09731628 |
| e-ISSN Number : | |
| Source: | UNIV |
| Subject: | Accounting;Anthropology;Business and International Management;Economics, Econometrics and Finance(all);Education;Environmental Science(all);Finance;Geography, Planning and Development;Law;Political Science a;Social Sciences(all) |
| Publisher: | Research Link |
| Country of Publication: | India |
| Broad Subject Category: | Arts & Humanities;Multidisciplinary;Social Science |

Print



UGC Approved Journal
Research Link
Since March 2002
An International, Registered & Referred Monthly Journal : **Punjabi Literature**
Research Link - 166, Vol - XVI (11), January - 2018, Page No. 140-141
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਸਵਰਨਜੀਤ ਸਵੀ ਦਾ ਨਾਰੀ ਸੰਸਾਰ

*ਸਵੀ ਨੇ ਨਾਰੀ ਦੀ ਹਰ ਕਾਲ ਵਿੱਚ ਦੁਰਦਸ਼ਾ ਨੂੰਬਾਖੂਬੀ ਚਿਤਰਿਆ ਹੈ। ਉਸਦੇ ਕਾਵਿ-ਸੰਗ੍ਰਹਿ 'ਅਵੱਗਿਆ' ਵਿੱਚ ਪੰਜਾਬ ਦੇ ਅੱਜ ਦੇ ਰਾਜਨੀਤਕ ਅਤੇ ਸਮਾਜਿਕ ਮਸਲਿਆਂ ਬਾਰੇ ਲਿਖਿਆ ਹੈ। ਆਰਥਿਕ ਸਮੱਸਿਆ/ਸੰਕਟ ਨਾਲ ਜੂਝਦੇ ਲੋਕਾਂ ਨੂੰ ਜਦੋਂ ਕਿਸੇ ਸਵਾਰਥੀ ਸਿਆਸੀ ਸੰਕਟ ਵਿੱਚੋਂ ਲੰਘਣਾ ਪੈ ਜਾਵੇ ਤਾਂ ਇਹ ਵੱਡਾ ਦੁਖਾਂਤ ਬਣ ਜਾਂਦਾ ਹੈ। ਇਸ ਵਿੱਚ ਨਾਰੀ ਸਭ ਤੋਂ ਜ਼ਿਆਦਾ ਪਿਸਦੀ ਹੈ। 'ਅਵੱਗਿਆ' ਕਾਵਿ-ਸੰਗ੍ਰਹਿ ਵਿੱਚ ਮਿਲਦੀਆਂ 'ਪੰਜਾਬ ਮਸਲਾ', 'ਗਰਭਪਾਤ ਹੋਈ ਚੀਖ', 'ਨਜ਼ਮ ਉਦਾਸ' ਹੈ, ਵਰਗੀਆਂ ਕਵਿਤਾਵਾਂ ਰਾਹੀਂ ਕਵੀ ਨੇ ਵੇਰਵੇ ਪੇਸ਼ ਕੀਤੇ ਹਨ- ਮੈਂ / ਉਸ ਦੌਰ ਵਿੱਚ ਜਨਮੀ / ਲਿਜ਼ਲਿਜ਼ੀ ਚੀਖ਼ਹਾਂ।*

ਹਰਪ੍ਰੀਤ ਕੌਰ

ਸਵਰਨਜੀਤ ਸਵੀ ਨੇ ਪੰਜਾਬੀ ਸਾਹਿਤ ਜਗਤ ਵਿੱਚ ਆਪਣੇ ਕਾਵਿ-ਸੰਗ੍ਰਹਿਆਂ ਦੁਆਰਾ ਵਰਨਣਯੋਗ ਯੋਗਦਾਨ ਪਾਇਆ ਹੈ। ਆਪਣੀ ਕਾਵਿ ਸਿਰਜਣਾ ਰਾਹੀਂ ਉਸਨੇ ਕਲਾ ਖੇਤਰ ਵਿੱਚ ਹੁਣ ਤਕ ਇੱਕ ਲੰਮਾ ਸਫ਼ਰ ਤੈਅ ਕਰ ਲਿਆ ਹੈ।

ਸਵੀ ਨੇ ਆਪਣੀ ਲਗਾਤਾਰ ਸਿਰਜਣਾ ਅਤੇ ਕਾਵਿ ਸੰਵੇਦਨਾ ਨਾਲ ਸਾਹਿਤਕ ਹਲਕਿਆਂ ਵਿੱਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ। ਉਸ ਦੇ ਕਿਰਿਆਸ਼ੀਲ ਕਾਵਿ ਸਫ਼ਰ ਨੇ ਵਿਦਵਾਨਾਂ ਦਾ ਧਿਆਨ ਖਿੱਚਿਆ ਹੈ। ਇਸ ਲੇਖ ਰਾਹੀਂ ਉਸ ਦੀ ਕਾਵਿ ਪ੍ਰਤਿਭਾ ਵਿੱਚ ਪੇਸ਼ ਨਾਰੀ ਦੇ ਅਕਸ ਨੂੰ ਦਰਸ਼ਾਉਣ ਦਾ ਯਤਨ ਕੀਤਾ ਗਿਆ ਹੈ। ਮੇਰਾ ਧਿਆਨ ਉਸਦੀ ਕਾਵਿ ਪ੍ਰਤਿਭਾ ਦੁਆਰਾ ਸਿਰਜੇ ਨਾਰੀ ਦੇ ਪੱਖ ਨੂੰਪੇਸ਼ ਕਰਨ ਵਿੱਚ ਹੈ। ਸਵੀ ਦੇ ਪੇਸ਼ ਕੀਤੇ ਗਏ ਨਾਰੀ ਸੰਸਾਰ ਨੂੰਵਿਸ਼ੇਮਾਹਿਰਾਂ ਸਾਹਮਣੇ ਰੱਖਣ ਦਾ ਇਹ ਇੱਕ ਯਤਨ ਹੈ।

ਸਵਰਨਜੀਤ ਸਵੀ ਨੇ ਆਪਣੀ ਕਵਿਤਾ ਵਿੱਚ ਬ੍ਰਹਿਮੰਡ ਦੀ ਸੁੰਨ ਤੋਂ ਲੈ ਕੇ ਮਿਥਿਹਾਸਕ, ਇਤਿਹਾਸਕ, ਭਾਰਤੀ ਪਰੰਪਰਾ, ਵਰਤਮਾਨ ਸਥਿਤੀ ਅਤੇ ਬਦਲਦੇ ਗਲੋਬਲ ਸੰਦਰਭ ਵਿੱਚ ਵੱਖ-ਵੱਖ ਵਿਸ਼ਿਆਂ ਤੇ ਆਪਣੀ ਗੱਲ ਕੀਤੀ ਹੈ। ਉਹ ਆਪਣੀਆਂ ਕਵਿਤਾਵਾਂ ਰਾਹੀਂ ਰੂੜ੍ਹੀਵਾਦੀ ਲੋਕਾਂ ਤੋਂ ਆਮ ਆਦਮੀ ਦਾ ਖਹਿੜਾ ਛੁਡਾ ਕੇ ਅਜਿਹੀਆਂ ਮਾਨਵਵਾਦੀ ਕੀਮਤਾਂ ਤੇ ਚਲਾਉਣ ਦੀ ਕਾਮਨਾ ਕਰਦਾ ਹੈ, ਜੋ ਮਨੁੱਖ ਦੀ ਭਾਵਨਾ ਨਾਲ ਚੱਲੇ। ਔਰਤ ਬਾਰੇ ਉਸਨੇ ਪੁਰਾਤਨ ਕਾਲ ਤੋਂ ਅੱਜ ਤਕ ਨਾਰੀ ਸਫ਼ਰ ਬਾਰੇ ਝਾਤ ਪਵਾਈ ਹੈ।

ਉਸਨੇ ਆਪਣੀ ਕਵਿਤਾ 'ਕਨਫ਼ੈਸ਼ਨ' ਰਾਹੀਂ 'ਦੇਹਵਾਦੀ/ਉਪਭੋਗੀ' ਕਵਿਤਾ ਤੋਂ ਅੱਗੇ ਨਿਕਲ ਜਾਣ ਦੀ ਗੱਲ ਕੀਤੀ ਹੈ। ਕਵੀ ਐਲਾਨ ਕਰਦਾ ਹੈ ਕਿ ਮੈਂ ਆਪਣੇ ਹੀ ਲਿਖੇ ਹੋਏ ਨੂੰਰੱਦ ਕਰਦਾ ਹਾਂ ਅਤੇ ਨਾਰੀ ਦੀ ਵੱਖਰੀ ਹੋਂਦ ਵਿਲੱਖਣਤਾ ਨੂੰ ਸਵੀਕਾਰ ਕਰਦਾ ਹਾਂ। ਉਸ ਦਾ ਗਿਆਨ ਵਸੀਹ ਹੈ, ਉਹ ਦੁਨੀਆਂ ਦੀਆਂ ਨਾਰੀ ਚਿੰਤਕਾਂ ਹੈਲਨ ਸ਼ਿਖੂਅਤੇ ਜੂਲੀਆ ਕ੍ਰਿਸਤੀਵਾ ਦੀਆਂ ਉਦਾਹਰਨਾਂ ਦਿੰਦਾ ਹੈ। ਇਨ੍ਹਾਂ ਔਰਤਾਂ ਨੇ ਆਪਣੇ ਅਧਿਐਨ ਵਿੱਚ ਔਰਤ ਹੋਂਦ ਦੀ ਸੈਕਸੂਐਲਿਟੀ ਦੀ ਵਿਲੱਖਣਤਾ ਨੂੰ ਸਾਹਮਣੇ ਲਿਆ ਕੇ ਇੱਕ ਵੱਡਾ ਬਦਲਾਅ ਲਿਆਂਦਾ ਹੈ। ਕਵੀ ਨੇ ਆਪਣੇ ਕਾਵਿ-ਸਫ਼ਰ ਵਿੱਚ ਔਰਤ ਦੀ ਹੋਣੀ ਦੀ ਗੱਲ ਕੀਤੀ ਹੈ-

ਲੱਖਾਂ ਸਾਲਾਂ ਤੋਂ ਚਲਦੇ-ਚਲਦੇ ਆ ਪਹੁੰਚੇ ਹਾਂ ਏਥੇ...ਰਹੇ ਬਰਾਬਰ ਤਾਲ ਹਮੇਸ਼ਾ ਨਾਲ ਤੂੰਕੁਦਰਤ ਦੀ ਸਿਰਜੀ ਸਭ ਤੋਂ ਸੁੰਦਰ ਦੇਹੀ...।[1]

ਸਵਰਨਜੀਤ ਸਵੀ ਵਧੀਆ ਕਵੀ ਦੇ ਨਾਲ-ਨਾਲ ਉੱਚ ਕੋਟੀ ਦਾ ਚਿੱਤਰਕਾਰ ਵੀ ਹੈ। ਉਹ ਸੂਖਮ ਕਲਾਵਾਂ ਵਿੱਚ ਬਰੀਕੀ ਨਾਲ ਵੇਖਦਾ, ਰਚਦਾ, ਸਿਰਜਦਾ ਹੈ। ਨਾਰੀ ਵਿਚਲੀ ਮਾਂ ਨੂੰਉਸ ਨੇ ਥਾਂ-ਥਾਂ ਸੰਬੋਧਨ ਕੀਤਾ ਹੈ। ਉਹ ਧਰਤੀ ਨੂੰਵੀ ਮਾਂ ਦਾ ਦਰਜਾ ਦਿੰਦਾ ਹੈ। ਇਹ ਧਰਤ ਮਾਂ ਹੀ ਸਾਨੂੰਸਭ ਨੂੰਆਸਰਾ ਦਿੰਦੀ ਹੈ। ਕੁੱਲ ਕਾਇਨਾਤ ਹੀ ਮਾਂ ਵਰਗਾ ਰੂਪ ਹੈ-

***ਸਭ ਤੋਂ ਪਹਿਲਾਂ / ਸੂਰਜ ਮਾਂ***
**...........**
***ਸਭ ਕੁੱਝ / ਤੇਰੇ ਕਾਰਨ ਮਾਂ।*** [2]

ਸਾਡੀ ਭਾਰਤੀ ਪਰੰਪਰਾ ਅਨੁਸਾਰ ਆਚਾਰੀਆ ਨੇ ਆਪਣੇ ਵਿਚਾਰਾਂ ਵਿੱਚ ਮਾਂ ਬਾਰੇ ਬਹੁਤ ਸ਼ਰਧਾ ਭਰੇ ਸ਼ਬਦ ਲਿਖੇ ਹਨ। ਕਵੀ ਭਾਰਤੀ ਮਿਥਿਹਾਸ ਦਾ ਹਵਾਲਾ ਦੇ ਕੇ ਆਚਾਰੀਆ ਵਿਸ਼ਨੂੰਗੁਪਤ ਚਾਣਕਯ ਦੇ'ਚਾਣਕਯ ਸੂਤਰਾਣਿ' ਵਿੱਚ ਮਾਂ ਦੇ ਬਾਰੇ ਆਪਣਾ ਮਹਾਨ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ-

***ਗੁਰੂਣਾਮ ਮਾਤਾ ਗਰੀਬਸੀ॥362॥***
***ਅਰਥਾਤ ਮਾਂ ਸਭ ਗੁਰੂਆਂ ਤੋਂ ਵੀ ਵੱਡੀ ਮੰਨੀ ਜਾਂਦੀ ਹੈ।***

ਅਸਲ ਵਿੱਚ ਸਦੀਆਂ ਤੋਂ ਔਰਤ ਨੂੰਪੁਰਸ਼ ਦੇ ਮੁਕਾਬਲੇ ਦੂਜਾ ਥਾਂ ਹੀ ਮਿਲਿਆ ਹੈ। ਇਸ ਸਚਾਈ ਨੂੰਸਮੇਂ-ਸਮੇਂ ਇਤਿਹਾਸਕਾਰਾਂ ਨੇ ਲਿਖਿਆ ਹੈ। ਨਾਰੀ ਦੇ ਹੱਕ ਵਿੱਚ ਬਹੁਤ ਸਾਰੇ ਲੇਖਕਾਂ, ਜਿਨ੍ਹਾਂ ਨੂੰਨਾਰੀਵਾਦੀ ਕਿਹਾ ਜਾਂਦਾ ਹੈ, ਨੇ ਉਸਦਾ ਰੁਤਬਾ ਬਹਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਵਰਨਜੀਤ ਸਵੀ ਨੇ ਵੀ ਆਪਣੇ ਕਾਵਿ-ਸੰਗ੍ਰਹਿ ਵਿੱਚ ਔਰਤ ਨੂੰਬਣਦਾ ਹੱਕ ਦੇਣ ਦਾ ਹੋਕਾ ਮਾਰਿਆ ਹੈ। ਕਵੀ ਨਾਰੀ ਨੂੰਮਾਂ ਦੇ ਰੂਪ ਵਿੱਚ ਧਰਤੀ ਉੱਪਰ ਆਇਆ ਪਹਿਲਾ ਮਹਾਨ ਵਿਅਕਤੀ ਗਰਦਾਨਦਾ ਹੈ।

ਕਵੀ ਨੇ ਮਹਿਸੂਸ ਕੀਤਾ ਕਿ ਇਸ ਨਾਰੀ, ਜੋਕਿ ਜਗ-ਜਨਨੀ ਹੈ, ਨੂੰਸਤਿਕਾਰ ਦੀ ਥਾਂ ਦੁਰਕਾਰ ਹੀ ਮਿਲੀ ਹੈ, ਨੇ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਵੀ ਆਪਣੇ ਕਰਤੱਵ ਨੂੰਨਹੀਂ ਛੱਡਿਆ। ਉਸ ਨੇ ਹਮੇਸ਼ਾਂ ਸਵਾਰਥ ਤੋਂ ਉੱਪਰ ਉਠ ਕੇ ਆਪਣੀਆਂ ਸੇਵਾਵਾਂ ਦਿੱਤੀਆਂ ਹਨ। ਸਾਡੇ ਗੁਰੂ ਸਾਹਿਬਾਨਾਂ ਨੇ ਗੁਰਬਾਣੀ ਰਾਹੀਂ ਔਰਤ ਦੀ ਮਹਾਨਤਾ ਨੂੰਬਿਆਨ ਕੀਤਾ ਹੈ। ਸਵੀ ਵੀ ਨਾਰੀ ਦੇ ਮਹਾਨ ਕਾਰਜਾਂ ਦੀ ਗੱਲ ਕਰਦਾ ਹੈ-

*ਰਿਸਰਚ ਸਕਾਲਰ, ਟਾਂਟੀਆ ਯੂਨੀਵਰਸਿਟੀ, ਸ਼੍ਰੀ, ਗੰਗਾਨਗਰ (ਰਾਜਸਥਾਨ)*

ਆਪਣੇ ਕਾਵਿ-ਸੰਗ੍ਰਹਿ ੇ...ਤੇ ਮੈਂ ਆਇਆ ਬੱਸ' ਰਾਹੀਂ ਸਵੀ ਨੇ ਆਦਮੀ ਦੇ ਮੁਕਾਬਲੇ ਔਰਤ ਨੂੰਸਮਾਜ/ਪਰਿਵਾਰ ਵਿੱਚ ਪਿਸਦੀ ਹੋਈ ਲਿਖਿਆ ਹੈ। ਰੁੱਝੀ ਹੋਣ ਦੇ ਬਾਵਜੂਦ ਵੀ ਨਾਰੀ ਸਿਆਣੀ ਤੇ ਆਗਿਆਕਾਰੀ ਹੈ। ਸਾਡੇ ਭਾਰਤੀ ਮਰਦ ਪ੍ਰਧਾਨ ਸਮਾਜ ਵਿੱਚ ਬ੍ਰਹੁਤ ਸਾਰੇ ਕਾਰਜ, ਆਦਮੀ ਲਈ ਖੁੱਲ੍ਹੇ ਹਨ, ਪਰ ਔਰਤ ਲਈ ਬੰਦ। ਅਜਿਹੇ ਸਿਸਟਮ ਵਿੱਚ ਔਰਤ, ਇਸ ਸਭ ਨੂੰਆਪਣੀ ਹੋਣੀ ਮੰਨ ਕੇ, ਸਿਰ ਝੁਕਾਅ ਕੇ ਮੰਨਦੀ ਹੈ, ਉਸ 'ਤੇ ਚਲਦੀ ਰਹਿੰਦੀ ਹੈ-

***ਮਰਦ ਕਦੇ ਜੁਆਨ ਹੀ ਨਹੀਂ ਹੁੰਦਾ***<br>
***ਬੁੱਢਾ ਤਾਂ ਕਦ ਹੋਣਾ***<br>
***......................***<br>
***ਘਰ ਵੀ ਸਾਂਝੇ***<br>
***ਸਾਂਝੇ ਦਫ਼ਤਰ ਤੇ ਪਰਿਵਾਰ...***[3]

ਆਚਾਰੀਆ ਚਾਣਕਯ ਨੇ ਔਰਤ ਦੀ ਸੂਝ-ਸਮਝ ਤੋਂ ਪ੍ਰਭਾਵਿਤ ਹੋ ਕੇ ਆਪਣੇ ਗ੍ਰੰਥ ਵਿੱਚ ਲਿਖਿਆ ਹੈ-

***ਨ ਇਸਤਰੀ ਰਤਸਮਮ ਰਤਨਮ॥313॥***<br>
***ਅਰਥਾਤ, ਇਸਤਰੀ ਦੇ ਬਰਾਬਰ ਕੋਈ ਰਤਨ ਨਹੀਂ ਹੈ।***

ਸਵੀ ਮੁਤਾਬਿਕ ਔਰਤ ਪਿਆਰ ਦੀ ਮੂਰਤ ਹੈ। ਇਹ ਮਰਦ ਦੀ ਹਰ ਭੁੱਖ ਨੂੰਤ੍ਰਿਪਤ ਕਰਕੇ ਉਸਨੂੰਸੰਤੁਸ਼ਟੀ ਦਿੰਦੀ ਹੈ। ਔਰਤ ਦਾ ਪਿਆਰ ਹੀ ਆਦਮੀ ਦੇ ਮਨ ਨੂੰਸਾਧ ਸਕਦਾ ਹੈ। ਗੁਰਬਾਣੀ ਵਿੱਚ ਇਸ ਨੂੰਅੰਜਨ ਮਾਹਿ ਨਿਰੰਜਨ ਰਹੀਏ' ਰਾਹੀਂ ਦੱਸਿਆ ਗਿਆ ਹੈ।

***ਛੂਹ ਮੈਨੂੰ / ਕਿ ਜਿਸਮ ਭੁੱਲ ਜਾਵੇ ਆਪਾ***<br>
***......................***<br>
***ਸਮਾ ਜਾਵੇ ਜੋ***<br>
***ਮਨੁੱਖਤਾ ਦੇ ਮਨ 'ਚ ਸਦਾ ਸਦਾ ਲਈ...***[4]

ਸਵੀ ਨੇ ਨਾਰੀ ਦੀ ਹਰ ਕਾਲ ਵਿੱਚ ਦੁਰਦਸ਼ਾ ਨੂੰਬਾਖੂਬੀ ਚਿਤਰਿਆ ਹੈ। ਉਸਦੇ ਕਾਵਿ-ਸੰਗ੍ਰਹਿ ੇਅਵੱਗਿਆ' ਵਿੱਚ ਪੰਜਾਬ ਦੇ ਅੱਜ ਦੇ ਰਾਜਨੀਤਕ ਅਤੇ ਸਮਾਜਿਕ ਮਸਲਿਆਂ ਬਾਰੇ ਲਿਖਿਆ ਹੈ। ਆਰਥਿਕ ਸਮੱਸਿਆ/ਸੰਕਟ ਨਾਲ ਜੂਝਦੇ ਲੋਕਾਂ ਨੂੰ ਜਦੋਂ ਕਿਸੇ ਸਵਾਰਥੀ ਸਿਆਸੀ ਸੰਕਟ ਵਿੱਚੋਂ ਲੰਘਣਾ ਪੈ ਜਾਵੇ ਤਾਂ ਇਹ ਵੱਡਾ ਦੁਖਾਂਤ ਬਣ ਜਾਂਦਾ ਹੈ। ਇਸ ਵਿੱਚ ਨਾਰੀ ਸਭ ਤੋਂ ਜ਼ਿਆਦਾ ਪਿਸਦੀ ਹੈ। ੇਅਵੱਗਿਆ' ਕਾਵਿ-ਸੰਗ੍ਰਹਿ ਵਿੱਚ ਮਿਲਦੀਆਂ ੇਪੰਜਾਬ ਮਸਲਾ', ੇਗਰਭਪਾਤ ਹੋਈ ਚੀਖ', ੇਨਜ਼ਮ ਉਦਾਸ' ਹੈ, ਵਰਗੀਆਂ ਕਵਿਤਾਵਾਂ ਰਾਹੀਂ ਕਵੀ ਨੇ ਵੇਰਵੇ ਪੇਸ਼ ਕੀਤੇ ਹਨ-

***ਮੈਂ***<br>
***ਉਸ ਦੌਰ ਵਿੱਚ ਜਨਮੀ***<br>
***ਲਿਜ਼ਲਿਜ਼ੀ ਚੀਖ਼ਹਾਂ।*** [5]

ਹਥਿਆਰਾਂ ਦੀ ਵਰਤੋਂ ਵੇਲੇ ਹੁੰਦਾ ਘਾਣ ਵੇਖੋ-

***ਹਥਿਆਰਾਂ ਦੀ ਨੋਕ 'ਤੇ ਟੰਗੀ***<br>
***ਬਜ਼ੁਰਗ ਬੇਬਸ ਦੇਹ.।*** [6]

ਰਾਜਨੀਤਕ ਸੰਕਟ ਕਰਕੇ ਘਰਾਂ ਵਿੱਚ ਵੱਸਦੇ ਜੀਆਂ ਉੱਤੇ ਕਹਿਰ ਟੁੱਟਦਾ ਹੈ। ਇਸ ਸਾਰੇ ਸੰਕਟ ਵਿੱਚ ਆਪਣੇ ਬੱਚਿਆਂ ਸਮੇਤ ਨਾਰੀ ਕਿਵੇਂ ਮੁਸ਼ਕਿਲਾਂ ਨੂੰਝੱਲਦੀ ਹੈ। ੇਕਰਫਿਊ' ਕਵਿਤਾ ਵਿੱਚ ਨਾਰੀ ਦੀ ਦੁਰਦਸ਼ਾ ਵੇਖੋ-

***ਬੱਚਾ ਦੁੱਧ ਮੰਗਦਾ ਹੈ***<br>
***ਮਾਂ ਬੇਬੱਸ ਹੈ***<br>
***ਬਾਪ ਬਾਹਰ ਝਾਕਦਾ ਹੈ***<br>
***ਗੋਲੀ ਸ਼ੂਕਦੀ ਛਾਤੀ ਵੱਲ ਆਉਂਦੀ ਹੈ।***[7]

ਕਵੀ ਅਨੁਸਾਰ ਮਨ ਅਤੇ ਤਨ ਦੀਆਂ ਬੁਨਿਆਦੀ ਲੋੜਾਂ ਦਾ ਸੁਪਨਿਆਂ ਵਰਗਾ ਪ੍ਰਵਚਨ ਹੈ। ਸਵੀ ਕਾਮਨਾ ਦਾ ਸਿਧਾਂਤ ਪੇਸ਼ ਕਰਦਾ ਹੈ। ਇਸ ਵਿੱਚ ਬੁਨਿਆਦੀ ਸੱਤਾ, ਸਗੋਂ ਸਮਾਜ ਅਤੇ ਇਤਿਹਾਸ ਦੁਆਰਾ ਨਿਰਮਤ ਅਨੰਤ ਰੂਪਾਂ ਵਿੱਚ ਪੇਸ਼ ਹੋਣ ਵਾਲੀ ਵਿਰਾਟ ਟੈਕਸਟ ਹੈ। ਇਹ ਅਕੱਥ ਹੈ, ਅਕਹਿ ਹੈ, ਆਪਣੀਆਂ ਰਚਨਾਵਾਂ ਵਿੱਚ ਸਵਰਨਜੀਤ ਸਵੀ ਨੇ ਨਾਰੀ ਦੇ ਹ ਦੇ ਚਿਨ੍ਹ ਰਾਹੀਂ ਆਪਣੇ ਅਧੂਰੇ ਨੂੰਪੂਰਾ ਕਰਨ ਦੀ ਚਾਹਤ ਹੈ। ਸਵੀ ਦੇ ਕਾਵਿ-ਸੰਗ੍ਰਹਿ ੇਕਾਮੇਸ਼ਵਰੀ', ੇਆਸ਼ਰਮ', ੇਮਾਂ', ੇਦੇਹੀ ਨਾਦ' ਅਤੇ ੇ...ਤੇ ਮੈਂ ਆਇਆ ਬੱਸ' ਵਿੱਚ ਇਸ ਖੰਡਿਤ ਆਤਮ ਦੀ ਇੱਛਾ ਨੂੰ ਅਸੀਂ ਪਛਾਣ ਸਕਦੇ ਹਾਂ।

ਸਾਡੀ ਭਾਰਤੀ ਪਰੰਪਰਾ ਵਿੱਚ ਵੀ ਦੇਵੀ-ਦੇਵਤਿਆਂ ਵਿੱਚ ਨਾਰੀ ਤੇ ਪੁਰਸ਼ ਦੇ ਅੱਧੇ-ਅੱਧੇ ਰੂਪ ਨੂੰਮੰਨ ਕੇ ਪੂਰਾ ਸਰੂਪ ਗਿਣਿਆ ਜਾਂਦਾ ਹੈ। ਸਾਨੂੰਭਾਰਤੀ ਮਿਥਿਹਾਸ ਵਿੱਚ ਸ਼ਿਵ ਅਤੇ ਪਾਰਵਤੀ ਦਾ ਅੱਧਾ ਨਾਰੀਸ਼੍ਵਰ ਸਰੂਪ, ਇਸੇ ਮਨੁੱਖ ਦੀ ਸੰਪੂਰਨ ਹੋਣ ਦੀ ਇੱਛਾ ਨਾਲ ਜੁੜਿਆ ਸੰਕਲਪ ਹੈ। ਪੰਜਾਬੀ ਲੋਕ ਸਾਹਿਤ ਦੇ ਗੀਤਾਂ (ਸਾਹਿਤ) ਵਿੱਚ ਵੀ ਅਜਿਹੀ ਸੰਪੂਰਨਤਾ ਦੀ ਗੱਲ ਕਈ ਥਾਂ ਕੀਤੀ ਹੈ-

***ਰਾਂਝਾ-ਰਾਂਝਾ ਕਰਦੀ ਨੀ ਮੈਂ***<br>
***ਆਪੇ ਰਾਂਝਾ ਹੋਈ।***

ਮੈਂ ਤੋਂ ਤੂੰਤੇ ਤੂੰਤੋਂ ਮੈਂ ਦੇ ਸਫ਼ਰ ਤੋਂ ਅੱਗੇ ਇੱਕ ਹੋ ਜਾਣ ਦੀ ਗੱਲ ਹੀ ਮਿਲਾਪ ਹੈ, ਸਮਾਉਣ ਹੈ, ਆਪਣੀ ਹੋਂਦ ਖ਼ਤਮ ਕਰਨਾ ਹੈ। ਜਿੱਥੇ ਸਾਡਾ ਮੱਧਕਾਲੀ ਸਾਹਿਤ ਔਰਤ ਦੇਹ ਦੇ ਪੁਰਖ ਬਣ ਜਾਣ ਦੀ ਕਾਲਮ ਨਾਲ ਜੁੜਿਆ ਹੈ, ਉਥੇ ਸਵੀ ਆਪਣੀ ਕਵਿਤਾ ਵਿੱਚ ਮਰਦ ਦੀ ਸੰਪੂਰਤਾ ਲਈ ਨਾਰੀ ਦੇਹ ਨੂੰ ਮਾਡਲ ਤਸਲੀਮ ਕਰਦਾ ਹੈ। ਉਸ ਦੀ ਕਵਿਤਾ ਦੀ ਵਿਲੱਖਣਤਾ ਇਸ ਤਰ੍ਹਾਂ ਵੇਖੋ-

***? ਚੁੰਮਣ ਤੇਰਾ***<br>
***.............***<br>
***ਪੂਰਾ ਖਿੜਦਿਆਂ, ਫੁੱਲ ਬਣਦਿਆਂ।***

ਇਸ ਕੁਦਰਤੀ ਪ੍ਰਕਿਰਿਆ ਦਾ ਆਪਣਾ ਨਿਯਮ ਹੈ। ਪਹਿਲਾਂ ਬੂਟੇ ਤੇ ਤਿਮਾਹੀ, ਡੋਡੀ, ਫਿਰ ਹੌਲੀ-ਹੌਲੀ ਫੁੱਲ, ਫਿਰ ਬੀਜ, ਫਿਰ ਬੀਜ ਤੋਂ ਫੁੱਲ। ਇਸ ਤਰ੍ਹਾਂ ਇਹ ਇੱਕ ਸਿਰਜਣ ਪ੍ਰਕਿਰਿਆ ਹੈ।

ਸਵਰਨਜੀਤ ਸਵੀ ਮੁਤਾਬਿਕ ਮਾਂ ਦੀ ਯਾਦ ਸਾਡੇ ਨਾਲ ਹਮੇਸ਼ਾ ਰਹਿੰਦੀ ਹੈ। ਮਾਂ, ਜੋ ਇੱਕ ਨਾਰੀ ਹੈ, ਦਾ ਵਜੂਦ, ਹਰ ਪਾਸੇ ਹਮੇਸ਼ਾ ਹੀ ਪਸਰਿਆ ਹੁੰਦਾ ਹੈ।

ਨਾਰੀ-ਪੁਰਸ਼ ਦੇ ਰਿਸ਼ਤੇ ਦੀ ਗੱਲ ਕਰਨ ਸਮੇਂ ਕਵੀ ਮਾਂ ਦੀ ਗੱਲ ਕਰਦਾ ਨਾਲ ਹੀ ਆਪਣੇ ਅੰਦਰ ਪਿਤਾ ਦੀ ਹੋਂਦ ਨੂੰਵੀ ਸਿਆਣਦਾ ਹੈ। ਮਾਂ ਦੀ ਹੋਂਦ ਬਾਪੂਕਰਕੇ ਹੀ ਉੱਘੜਦੀ ਹੈ। ਮਨੁੱਖੀ ਪਛਾਣ ਹੈ ਇਹ। ਪਾਣੀ ਵਰਗੀ ਤਰਲਤਾ ਹੈ ਮਾਂ ਦੀ ਅਸੀਮਤਾ। ਮਾਂ ਆਪਣੇ ਸਾਰਿਆਂ ਬੱਚਿਆਂ ਨੂੰ ਬਰਾਬਰ ਸਮਝਦੀ ਹੈ, ਪਿਆਰ ਕਰਦੀ ਹੈ। ਕਵੀ ਨਾਰੀ ਨੂੰਇੱਕ ਮਾਂ ਦੇ ਰੂਪ ਵਿੱਚ, ਸੂਰਜ ਤੋਂ ਰੁੱਖ ਤਕ, ਅਣਸਿੰਜੀ ਮਿੱਟੀ ਤੋਂ ਨਰਸ ਤਕ, ਮਾਂ ਦੀ ਹੋਂਦ, ਮਾਂ-ਰੂਪ, ਮਾਂ ਅਕਸ ਦੇ ਤੌਰ 'ਤੇ ਪਛਾਣਦਾ ਹੈ-

ਕਵੀ ਮਾਂ ਦੀ ਹੋਂਦ ਇਸ ਪੂਰੇ ਸੰਸਾਰ, ਸਗੋਂ ਪੂਰੇ ਬ੍ਰਹਿਮੰਡ ਅਤੇ ਇਸਦੇ ਕਣ-ਕਣ ਵਿੱਚ ਮਹਿਸੂਸ ਕਰਦਾ ਹੈ। ਉਸ ਅਨੁਸਾਰ, ਇਸ ਵਿੱਚ ਕਿਰਨਾਂ, ਸੁਗੰਧੀ ਅਤੇ ਸਭ ਕੁੱਝ ਮਾਂ/ਨਾਰੀ ਕਰਕੇ ਹੀ ਹੈ-

ਇਸ ਤਰ੍ਹਾਂ ਸਵਰਨਜੀਤ ਸਵੀ ਦਾ ਨਾਰੀ ਸੰਸਾਰ, ਦੁਨੀਆਂ ਦੇ ਰਿਸ਼ਤਿਆਂ, ਮਾਂ ਦਾ ਬ੍ਰਹਿਮੰਡੀ ਵਜੂਦ, ਉਸ ਦੀਆਂ ਯਾਦਾਂ, ਉਸਦੀ ਮਮਤਾ, ਕੁਦਰਤੀ ਰੰਗਾਂ ਦਾ ਸੁਮੇਲ, ਭਾਸ਼ਾ ਤੋਂ ਪਾਰ ਹੈ। ਨਾਰੀ ਦੀ ਹੋਂਦ ਕਰਕੇ ਹੀ ਪੁਰਸ਼ ਦੀ ਪਹਿਚਾਨ ਹੈ। ਇਸ ਸਾਰੀ ਪ੍ਰਕਿਰਤੀ ਦਾ ਵਜੂਦ ਅਤੇ ਪਛਾਣ ਹੀ ਨਾਰੀ (ਮਾਂ) ਤੋਂ ਹੈ। ਸਵੀ ਅਨੁਸਾਰ ਨਾਰੀ ਦੀ ਅਜ਼ਾਦੀ ਹੀ ਮਨੁੱਖ ਦੀ ਮੁਕਤੀ ਹੈ।

***ਹਵਾਲੇ :***

*(1) ਸਵਰਨਜੀਤ ਸਵੀ, ਕਵਿਤਾ ਕਨਫ਼ੈਸ਼ਨ, ਕਾਵਿ-ਸੰਗ੍ਰਹਿ ਮਾਂ, ਪੰਨਾ 84.* ***(2)*** *ਉਹੀ, ਪੰਨਾ 16.* ***(3)*** *ਉਹੀ, ...ਤੇ ਮੈਂ ਆਇਆ ਬੱਸ, ਪੰਨਾ 127.* ***(4)*** *ਉਹੀ, ਪੰਨਾ 100.* ***(5)*** *ਸਵਰਨਜੀਤ ਸਵੀ, ਅਵੱਗਿਆ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ 29.* ***(6)*** *ਉਹੀ, ਪੰਨਾ 23.* ***(7)*** *ਉਹੀ, ਪੰਨਾ 26.*

❁❁

UGC Approved Journal
Research Link
Since March 2002
An International, Registered & Referred Monthly Journal : Punjabi Literature
Research Link - 166, Vol - XVI (11), January - 2018, Page No. 142-144
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਜਗਤਾਰ ਢਾਅ ਦੇ ਕਾਵਿ-ਨਾਟ 'ਇਕ ਸੁਪਨਾ ਮਛਲੀ ਦਾ' ਵਿਚ ਇਸਤਰੀ ਪਾਤਰਾਂ ਦੀ ਮਾਨਸਿਕਤਾ

*ਜਗਤਾਰ ਢਾਅ ਦੇ ਕਾਵਿ-ਨਾਟ ਦਾ ਅਧਿਐਨ ਵਿਸ਼ਲੇਸ਼ਣ ਕਰਨ ਉਪਰੰਤ ਇਸ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਕੋਈ ਮਨੁੱਖ ਆਪਣੀ ਉਮਰ ਦੇ ਪਹਿਲੇ ਢਾਈ-ਤਿੰਨ ਦਹਾਕੇ ਜਿਥੇ ਬਤੀਤ ਕਰਦਾ ਹੈ, ਉਸ ਦੇਸ਼ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ, ਜਿਨ੍ਹਾਂ ਨੂੰ ਉਸਨੇ ਸਹਿਜ ਰੂਪ ਵਿਚ ਹੀ ਗ੍ਰਹਿਣ ਕੀਤਾ ਹੁੰਦਾ ਹੈ, ਮਨੁੱਖ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀਆਂ ਹਨ। ਇਸ ਨਾਟਕ ਵਿਚ ਵੀ ਦੋ ਇਸਤਰੀ ਪਾਤਰ ਰੂਪ ਅਤੇ ਧੰਤੀ ਆਪਣੀ ਉਮਰ ਦੇ ਪਹਿਲੇ ਢਾਈ-ਤਿੰਨ ਦਹਾਕੇ ਦੇਸ਼ ਦੀਆਂ ਕਦਰਾਂ-ਕੀਮਤਾਂ ਨਾਲ ਜੁੜੇ ਹੋਣ ਕਰਕੇ ਜਦੋਂ ਪੱਛਮੀ ਸਭਿਆਚਾਰ ਨਾਲ ਬਾਵਸਤਾ ਰੱਖਦੇ ਹਨ ਉਨ੍ਹਾਂ ਨੂੰ ਬਹੁਤ ਸਾਰੀਆਂ ਮਾਨਸਿਕ ਖਿੱਚੋਤਾਣਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪੰਜਾਬੀ ਜਾਂ ਭਾਰਤੀ ਕਿਰਦਾਰਾਂ ਦਾ ਇਹ ਦੁਖਾਂਤ ਹੈ ਕਿ ਉਹਨਾਂ ਨੂੰ ਆਪਣੇ ਦੇਸ਼ ਵਿਚ ਜ਼ਿੰਦਗੀ ਜੀਣ ਦੀਆਂ ਸੁਵਿਧਾਵਾਂ ਹਾਸਲ ਨਹੀਂ ਹਨ। ਉਨ੍ਹਾਂ ਨੂੰ ਇਸ ਸਭਿਆਚਾਰਕ ਆਲੇ-ਦੁਆਲੇ ਤੋਂ ਕਿਨਾਰਾ ਕਰਕੇ ਬਾਹਰਲੇ ਦੇਸ਼ਾਂ ਦੀ ਖ਼ਾਕ ਛਾਨਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਪਰ ਇਸ ਪਰਵਾਸ ਦੀ ਪ੍ਰਕਿਰਿਆ ਨਾਲ ਮਨੁੱਖੀ ਅਸਤਿਤਵ ਨੂੰ ਵੱਡੀ ਠੇਸ ਪਹੁੰਚਦੀ ਹੈ।*

**ਹਰਦੇਵ ਕੁਮਾਰ ਬੰਗਾ**

ਜਗਤਾਰ ਢਾਅ ਦੁਆਰਾ ਰਚਿਤ ਇਕ ਸੁਪਨਾ ਮਛਲੀ ਦਾ ਜਿਸਨੂੰ ਉਹ ਕਾਵਿ-ਨਾਟ ਦੀ ਸੰਗਿਆ ਦਿੰਦਾ ਹੈ, ਪੱਛਮੀ ਅਤੇ ਭਾਰਤੀ ਸਭਿਆਚਾਰ ਦੇ ਟਕਰਾਉ, ਪੱਛਮੀ ਦੇਸ਼ਾਂ ਵਿਚ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਇਖ਼ਲਾਕੀ ਕਦਰਾਂ-ਕੀਮਤਾਂ ਵਿਚ ਆਈ ਗਿਰਾਵਟ ਦੀ ਦਾਸਤਾਨ ਹੈ। ਉਪਰੋਕਤ ਵਰਣਿਤ ਸਮੱਸਿਆਵਾਂ ਸਹਿਜੇ ਸਹਿਜੇ ਮਾਨਸਿਕ ਤਣਾਉ ਦਾ ਕਾਰਨ ਬਣਦੀਆਂ ਹਨ। ਅਸੀ ਆਪਣੇ ਇਸ ਖੋਜ-ਪੱਤਰ ਅਧੀਨ ਹਥਲੇ ਕਾਵਿ-ਨਾਟ ਵਿਚ ਪੇਸ਼ ਇਸਤਰੀ ਪਾਤਰਾਂ ਦੀ ਮਾਨਸਿਕਤਾ ਨੂੰ ਪਕੜਨ ਦੀ ਕੋਸ਼ਿਸ਼ ਕਰਾਂਗੇ। ਮਨ ਮਨੁੱਖੀ ਹੋਂਦ ਵਿਚ ਉਹ ਪਾਸਾਰ ਹੈ, ਜਿਸ ਰਾਹੀ ਮਨੁੱਖ ਸੰਸਾਰ ਅਤੇ ਆਪਣੇ ਅਨੁਭਵਾਂ ਬਾਰੇ ਸੋਚਣ, ਸਮਝਣ ਅਤੇ ਵਿਚਾਰਨ ਦੇ ਯੋਗ ਹੁੰਦਾ ਹੈ। ਮੁੱਖ ਰੂਪ ਵਿਚ ਇਸ ਕਾਵਿ-ਨਾਟ ਦੀਆਂ ਤਿੰਨ ਇਸਤਰੀ ਪਾਤਰਾਂ – ਰੂਪ, ਸ਼ਿੰਦਰ ਅਤੇ ਧੰਤੀ ਹਨ ਜੋ ਕਿ ਅਗਰਭੂਮੀ ਵਿਚ ਵਿਚਰਦੀਆਂ ਹਨ। ਤਿੰਨਾਂ ਤੋਂ ਇਲਾਵਾ ਚੌਥੀ ਔਰਤ ਪਾਤਰ ਧੰਤੀ ਦੀ ਲੜਕੀ ਹੈ, ਜੋ ਕਿ ਕਾਵਿ-ਨਾਟ ਵਿਚ ਗ਼ੈਰ-ਹਾਜ਼ਰ ਹੈ ਪਰੰਤੂਬਾਕੀ ਪਾਤਰਾਂ ਦੁਆਰਾ ਉਸਦੀ ਪਾਤਰ ਉਸਾਰੀ ਕੀਤੀ ਗਈ ਹੈ। ਇਸੇ ਕਾਰਨ ਅਸੀ ਚਾਰਾਂ ਔਰਤ ਪਾਤਰਾਂ ਦੀ ਮਾਨਸਿਕ ਸਥਿਤੀ ਬਾਰੇ ਚਰਚਾ ਕਰਾਂਗੇ। ਔਰਤ ਪਾਤਰ ਨਾਰੀ ਦੀ ਵੱਖਰੀ ਵੱਖਰੀ ਮਾਨਸਿਕਤਾ ਦੀ ਪ੍ਰਤਿਨਿਧਤਾ ਕਰਦੀਆਂ ਹਨ।

ਇਸ ਕਾਵਿ-ਨਾਟ ਦੀ ਮੁਖ ਇਸਤਰੀ ਪਾਤਰ ਰੂਪ ਹੈ, ਜਿਸਨੂੰ ਇਸਦੀ ਨਾਇਕਾ ਵੀ ਕਿਹਾ ਜਾ ਸਕਦਾ ਹੈ। ਰੂਪ ਭਾਰਤੀ ਸਭਿਆਚਾਰਕ ਮਾਹੌਲ ਵਿਚ ਪਲੀ ਹੈ ਅਤੇ ਪੱਛਮੀ ਮਾਹੌਲ ਵਿਚ ਪਲੇ ਲੜਕੇ ਨਾਲ ਵਿਆਹੀ ਹੋਈ ਹੈ। ਡਾ. ਦੇਵਿੰਦਰ ਚੰਦਨ ਰੂਪ ਦੇ ਪਾਤਰ ਬਾਰੇ ਲਿਖਦੀ ਹੈ :

ਰੂਪ ਭਾਰਤੀ ਮਾਹੌਲ ਵਿਚੋਂ ਆ ਕੇ ਬਰਤਾਨਵੀ ਮਾਹੌਲ ਵਿਚ ਵਿਆਹੀ ਹੋਣ ਕਰਕੇ ਸੰਸਕਾਰ ਅਤੇ ਆਜ਼ਾਦੀ ਵਿਚਲਾ ਤਣਾਉ ਭੋਗਦੀ ਹੈ। ਉਸ ਨੂੰ ਬਰਤਾਨਵੀ ਮਾਹੌਲ ਵਿਚ ਜੀ ਰਹੇ ਪਤੀ ਨੇ ਬੀਵੀ ਦੇ ਰਿਸ਼ਤੇ ਪੱਖੋਂ ਰੱਦ ਕਰ ਦਿੱਤਾ ਹੋਇਆ ਹੈ। ਉਹ ਇੰਡੀਆ ਤੋਂ ਆਏ ਹੋਏ ਸ਼ਿੰਦਰ (ਜੋ ਰਿਸ਼ਤੇ ਵਿਚ ਉਸਦਾ ਨਣਦੋਈਆ ਲਗਦਾ ਹੈ ਪਰ ਜਿਸਨੂੰ ਰੂਪ ਦੀ ਨਣਾਨ ਨੇ ਵੀ ਅਹਿਸਾਸ, ਰਿਸ਼ਤੇ ਦੀ ਪੱਧਰ ਤੇ ਰੱਦ ਕਰ ਦਿੱਤਾ ਹੋਇਆ ਹੈ) ਨਾਲ ਪਿਆਰ ਕਰਦੀ ਹੈ। ਏਸ ਲਈ ਉਸ ਅੰਦਰਲੇ ਭਾਰਤੀ ਸੰਸਕਾਰ ਉਸਨੂੰ ਠਾਰਦੇ ਅਤੇ ਸ਼ਿੰਦਰ ਨਾਲ ਪਿਆਰ ਦੇ ਜਜ਼ਬਾਤ ਉਸਨੂੰ ਸਾੜਦੇ ਹਨ। ਸੋ ਭਾਰਤੀ ਸਭਿਆਚਾਰਕ ਮਾਹੌਲ ਦੀ ਕੁੜੀ ਬਰਤਾਨਵੀ ਸਭਿਆਚਾਰਕ ਮਾਹੌਲ ਵਿਚ ਫਸੀ 'ਸੰਸਕਾਰ' ਅਤੇ 'ਜਜ਼ਬਾਤ' ਵਿਚਲਾ ਤਣਾਉ ਭੋਗ ਰਹੀ ਹੈ।(1)

ਉਪਰੋਕਤ ਕਥਨ ਰੂਪ ਦੇ ਪਾਤਰ ਬਾਰੇ ਸਾਰੀ ਜਾਣਕਾਰੀ ਦੇ ਦਿੰਦਾ ਹੈ। ਸ਼ਿੰਦਰ, ਰੂਪ ਨੂੰ ਆਪਣਾ ਮਨਚਾਹਿਆ ਹਾਣ ਪ੍ਰਤੀਤ ਹੁੰਦਾ ਹੈ। ਉਹ ਉਸ ਨਾਲ ਆਪਣੇ ਜੀਵਨ ਦੀ ਨਵੀਂ ਸ਼ੁਰੂਆਤ ਕਰਨਾ ਚਾਹੁੰਦੀ ਹੈ ਪਰੰਤੂਭਾਰਤੀ ਸੰਸਕਾਰ ਅਤੇ ਪਤੀ ਦਾ ਡਰ ਉਸਨੂੰ ਸ਼ਿੰਦਰ ਵਲ ਵਧਣ ਤੋਂ ਰੋਕਦੇ ਹਨ। ਇਸ ਤਰ੍ਹਾਂ ਉਹ ਹੋਰ ਵੀ ਦੁਚਿੱਤੀ ਦੀ ਸ਼ਿਕਾਰ ਹੋ ਜਾਂਦੀ ਹੈ। ਉਹ ਆਪਣੇ ਉਜਵਲ ਭਵਿੱਖ ਅਤੇ ਮਨਚਾਹੀ ਜ਼ਿੰਦਗੀ ਦੇ ਸੁਪਨੇ ਲੈਂਦੀ ਹੈ ਪਰੰਤੂਉਸ ਲਈ ਕਿਰਿਆਸ਼ੀਲ ਹੋਣ ਤੋਂ ਡਰਦੀ ਹੈ। ਇਸ ਡਰ ਦਾ ਇਕ ਹੋਰ ਕਾਰਨ ਮਰਦ ਪ੍ਰਤੀ ਉਸਦਾ ਰਵੱਈਆ ਹੈ, ਜੋ ਉਸ ਨੂੰ ਆਪਣੇ ਪਤੀ ਤੋਂ ਮਿਲਿਆ ਹੈ। ਉਹ ਡਰਦੀ ਹੈ ਕਿ ਜਿਸਨੂੰ ਉਹ ਆਪਣੇ ਰੂਹ ਦਾ ਹਾਣੀ ਸਮਝਦੀ ਹੈ ਕਿਤੇ ਉਹ ਵੀ ਉਸਦੇ ਪਤੀ ਵਾਂਗਰ ਜਿਸਮ ਤਕ ਹੀ ਸੀਮਤ ਨਾ ਹੋਵੇ। ਇਸ ਦੁਚਿੱਤੀ ਵਾਲੀ ਮਾਨਸਿਕ ਅਵਸਥਾ ਨੂੰ ਮਨੋਵਿਸ਼ਲੇਸ਼ਣ ਵਿਚ ਸੰਘਣਨ (ਫਰਅਦਕਅਤ-ਵਜਰਅ) ਕਿਹਾ ਗਿਆ ਹੈ। ਇਹ ਉਹ ਅਵਸਥਾ ਹੈ, ਜਦੋਂ ਵਿਅਕਤੀ ਦੇ ਮਨ ਵਿਚ ਇਕੋ ਸਮੇਂ ਦੋ ਜਾਂ ਦੋ ਤੋਂ ਵੱਧ ਵਿਚਾਰ ਉਤਪੰਨ ਹੋ ਜਾਂਦੇ ਹਨ। ਉਹ ਸ਼ਿੰਦਰ ਨੂੰ ਪਿਆਰ ਵੀ ਕਰਦੀ ਹੈ ਅਤੇ ਮਰਦ ਮਾਨਸਿਕਤਾ ਤੋਂ ਡਰਦੀ ਹੈ। ਉਹ ਆਪਣੀ ਸਹੇਲੀ ਸ਼ਰਨ ਨੂੰ ਇਸ ਬਾਰੇ ਕਹਿੰਦੀ ਹੈ :

***ਪਰ ਅੜੀਏ / ਸੋਚ ਮੇਰੀ ਦਿਆਂ ਬੁੱਲ੍ਹਾਂ ਉੱਤੇ / ਡਰ ਦੀ ਸਿਕਰੀ / ਬਾਰ ਬਾਰ ਆਏ — ਉਸ ਦੀਆਂ ਅੱਖਾਂ ਦੇ ਤਾਰੇ / ਨਾ ਨਿਕਲਣ ਟਟਹਿਣੇ ਕਿਧਰੇ / ਤੇ ਮੇਰੇ ਹੰਡੀ ਵਗਦੀ ਨਦੀ 'ਚ / ਚੀਖ ਇਕ ਹੋਰ / ਘੁਲ ਨਾ ਜਾਏ।*** (2)

ਜਦੋਂ ਸ਼ਿੰਦਰ ਦੇ ਪਿਆਰ ਅਤੇ ਕਿਰਦਾਰ ਪ੍ਰਤੀ ਉਸਨੂੰ ਯਕੀਨ ਹੋ ਜਾਂਦਾ ਹੈ ਤਾਂ ਉਸਦੀ ਇਹ ਦੁਚਿੱਤੀ ਵੀ ਦੂਰ ਹੋ ਜਾਂਦੀ ਹੈ। ਉਹ ਸ਼ਿੰਦਰ ਨੂੰ ਆਪਣੇ ਅਤੀਤ ਬਾਰੇ ਦੱਸਦੀ ਹੈ ਕਿ ਕਿਸ ਤਰ੍ਹਾਂ ਉਹ ਵਿਆਹ ਤੋਂ ਪਹਿਲਾਂ ਆਪਣੀ

***ਖੋਜ ਵਿਦਿਆਰਥੀ, ਪੰਜਾਬੀ ਅਧਿਐਨ ਸਕੂਲ, ਗੁਰੂਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ***

ਮਨਚਾਹੀ ਜ਼ਿੰਦਗੀ ਜੀਅ ਰਹੀ ਸੀ। ਜਦੋਂ ਉਸਨੂੰ ਆਪਣੇ 'ਪਰੀਦੇਸ' ਆਉਣ ਬਾਰੇ ਪਤਾ ਲੱਗਾ ਸੀ ਤਾਂ ਉਸਨੇ ਪੱਛਮੀ ਦੇਸ਼ਾਂ ਦੀ ਸੁਹੱਪਣ ਭਰਪੂਰ ਜ਼ਿੰਦਗੀ ਬਾਰੇ ਕਿੰਨੇ ਸੁਪਨੇ ਲਏ ਸਨ ਅਤੇ ਇਸ ਬਾਬਤ ਉਹ ਕਿੰਨੇ ਲੋਕਾਂ ਕੋਲੋਂ ਸੁਣ ਚੁੱਕੀ ਸੀ ਪਰੰਤੂਉਸ ਦੁਆਰਾ ਪੱਛਮੀ ਦੇਸ਼ਾਂ ਪ੍ਰਤੀ ਲਿਆ ਸੁਪਨਾ ਅਤੇ ਪੱਛਮੀ ਦੇਸ਼ਾਂ ਦੀ ਜ਼ਿੰਦਗੀ ਦਾ ਯਥਾਰਥ ਮੇਲ ਨਹੀਂ ਖਾਂਦੇ। ਸੁਪਨੇ ਅਤੇ ਹਕੀਕਤ ਦੀ ਟੱਕਰ ਵਿਚੋਂ ਹੀ ਉਸਦਾ ਮਾਨਸਿਕ ਤਣਾਉ ਉਪਜਦਾ ਹੈ। ਇਸੇ ਤਣਾਉ ਦੇ ਚਲਦਿਆਂ ਉਹ ਕਦੇ ਨਿਰਾਸ ਹੁੰਦੀ ਹੈ, ਕਦੇ ਭਾਂਜਵਾਦੀ ਰੁਚੀ ਅਪਣਾਉਣਾ ਚਾਹੁੰਦੀ ਹੈ ਅਤੇ ਕਦੇ ਪ੍ਰਤਿਗਮਨ (ਵਕਪਗਕਤਤਜਰਅ) ਕਰਦੀ ਹੈ। ਹਕੀਕਤ ਦਾ ਸਾਹਮਣਾ ਕਰਨ ਦੀ ਬਜਾਇ ਉਹ ਇਸ ਸਥਿਤੀ ਤੋਂ ਭੱਜਣਾ ਲੋਚਦੀ ਹੈ:

***ਸਰਾਪੇ ਚਾਨਣ ਤੋਂ ਸੀ ਚੰਗਾ***

***ਦੁਨੀਆ ਮੇਰੀ ਹਨੇਰੀ ਰਹਿੰਦੀ - ਮੇਰੀ ਰੂਹ ਦੀ ਮਿੱਟੀ / ਨਾ ਮੇਰੀ ਧਰਤੀ/ਸੁੱਚਾ ਚਾਨਣ ਪੀਣ ਲਈ ਅੰਗੜਾਈ ਲੈਂਦੀ।***[3]

ਇਸ ਭਾਂਜਵਾਦੀ ਰੁਚੀ ਦਾ ਰੂਪ ਵਿਚ ਹੋਣਾ ਸੁਭਾਵਿਕ ਹੈ। ਕਿਉਂਕਿ ਮਨੁੱਖ ਵਧੇਰੇ ਕਰਕੇ ਸੁਖਾਂਤਕ ਜੀਵਨ ਜੀਣਾ ਪਸੰਦ ਕਰਦੇ ਹਨ ਅਤੇ ਸੁਖ ਵਿਪਰੀਤ ਸਥਿਤੀਆਂ ਤੋਂ ਬਚਣ ਬਾਰੇ ਸੋਚਦੇ ਹਨ। ਭਾਂਜਵਾਦੀ ਹੋਣ ਦਾ ਕਾਰਨ ਉਸ ਦੁਆਰਾ ਆਪਣੇ ਮਨ ਦਾ ਪ੍ਰਤਿਗਮਨ ਕਰਦਾ ਵੀ ਹੈ। ਪ੍ਰਤਿਗਮਨ ਜਾਂ ਵਕਪਗਕਤਤਜਰਅ ਮਨ ਦੀ ਉਹ ਅਵਸਥਾ ਹੈ ਜਦੋਂ ਵਿਅਕਤੀ ਆਪਣੀ ਜ਼ਿੰਦਗੀ ਦੇ ਮੁਸ਼ਕਿਲ ਸਮੇਂ ਵਿਚ ਜੀਅ ਰਿਹਾ ਹੁੰਦਾ ਹੈ ਅਤੇ ਉਹ ਆਪਣੇ ਅਤੀਤ ਦੇ ਉਨ੍ਹਾਂ ਪਲਾਂ ਨੂੰ ਯਾਦ ਕਰਦਾ ਹੈ ਜਦੋਂ ਉਹ ਸੁਖੀ ਅਤੇ ਸੁਰੱਖਿਅਤ ਸੀ। ਮਨੁੱਖ ਹਮੇਸ਼ਾ ਤੁਲਨਾਤਮਕ ਪ੍ਰਕਿਰਿਆ ਵਿਚ ਰਹਿੰਦਾ ਹੈ। ਇਹ ਤੁਲਨਾਤਮਕ ਪ੍ਰਕਿਰਿਆ ਵਰਤਮਾਨ ਦੀ ਭੂਤ ਅਤੇ ਭਵਿੱਖ ਦੇ ਕਾਲ ਨਾਲ ਚਲਦੀ ਰਹਿੰਦੀ ਹੈ। ਜਦੋਂ ਵੀ ਤਤਕਾਲੀ ਸਮੇਂ ਵਿਚ ਮਨੁੱਖ ਨੂੰ ਸੰਘਰਸ਼ੀਲ ਹੋਣਾ ਪੈਂਦਾ ਹੈ ਤਾਂ ਉਹ ਆਪਣੀਆਂ ਅਤੀਤਕਾਲੀ ਪ੍ਰਸਥਿਤੀਆਂ ਨੂੰ ਪੁਨਰ ਸੁਰਜੀਤ ਕਰਦਾ ਹੈ ਤੇ ਇਸ ਕਾਵਿ-ਨਾਟ ਦੇ ਪਾਤਰ ਵੀ ਇਸੇ ਪ੍ਰਕਿਰਿਆ ਵਿਚ ਹਨ। ਰੂਪ ਵੀ ਆਪਣੇ ਮਨ ਦੀਆਂ ਦਮਿਤ ਇੱਛਾਵਾਂ ਦੀ ਪੂਰਤੀ ਲਈ ਚਾਹ ਰੱਖਦੀ ਹੈ ਪਰੰਤੂ ਹਾਲਾਤਾਂ ਨੂੰ ਵਿਪਰੀਤ ਹੁੰਦਿਆਂ ਦੇਖ ਉਹ ਆਪਣੇ ਅਤੀਤ ਦੇ ਸੁਖਾਲੇ ਪਲਾਂ ਨੂੰ ਯਾਦ ਕਰਦੀ ਹੈ ਅਤੇ ਮੁੜ ਉਹੀ ਜ਼ਿੰਦਗੀ ਜੀਣ ਦੀ ਕਾਮਨਾ ਕਰਦੀ ਹੈ :

***ਕਾਸ਼ ! / ਕੋਈ ਮੈਨੂੰ / ਮੁੜ ਕੰਜਕ ਬਣਾਏ — ਪੈਰ ਧੋ ਮੇ ਰੇ ਬਚਪਨ ਦੇ ਰੰਗਾਂ 'ਚ / ਮੁੜ ਕੰਜਕਾਂ ਦੀ ਡਾਰ ਬਿਠਾਏ।*** [4]

ਰੂਪ ਦੁਆਰਾ ਇਹ ਕਾਮਨਾ ਕਰਨਾ ਸੁਭਾਵਿਕ ਪ੍ਰਤੀਤ ਹੁੰਦਾ ਹੈ। ਮਨੋਵਿਗਿਆਨੀ ਵੀ ਇਹੀ ਕਹਿੰਦੇ ਹਨ ਕਿ ਪ੍ਰਤਿਗਮਨ ਦੇ ਚਲਦਿਆਂ ਵਿਅਕਤੀ ਆਪਣੀ ਸਭ ਤੋਂ ਵੱਧ ਸੁਰੱਖਿਅਤ ਅਤੇ ਸੁਖੀ ਜ਼ਿੰਦਗੀ ਨੂੰ ਯਾਦ ਅਤੇ ਦੁਬਾਰਾ ਜੀਣ ਦੀ ਕਾਮਨਾ ਕਰਦਾ ਹੈ, ਜੋ ਕਿ ਬਹੁਤੀ ਵਾਰ ਉਸਦਾ ਬਚਪਨ ਹੁੰਦਾ ਹੈ ਅਤੇ ਰੂਪ ਵੀ ਇਹੀ ਕਾਮਨਾ ਕਰਦੀ ਪ੍ਰਤੀਤ ਹੁੰਦੀ ਹੈ। ਜਸਵੰਤ ਸਿੰਘ ਨੇਕੀ ਇਸ ਤਰ੍ਹਾਂ ਦੀ ਮਾਨਸਿਕ ਅਵਸਥਾ ਬਾਰੇ ਲਿਖਦਾ ਹੈ :

ਕਿਸੇ ਅਸਾਧਾਰਨ ਮਾਨਸਿਕ ਤਣਾਓ ਦੇ ਕਾਰਨ ਕਈ ਵਾਰ ਕੋਈ ਵਿਅਕਤੀ ਕਿਸੇ ਐਸੇ ਪੂਰਬਲੇ ਵਿਕਾਸ ਪੜਾਅ ਵੱਲ ਅਚੇਤ ਹੀ ਤੁਰ ਪੈਂਦਾ ਹੈ ਜਿਸ ਉਤੇ ਕਦੇ ਉਸਨੇ ਸੁਰੱਖਿਆ ਪ੍ਰਤੀਤ ਕੀਤੀ ਹੋਵੇ। ਇਸ ਤਰ੍ਹਾਂ ਮਨੁੱਖੀ ਵਿਹਾਰ ਦੇ ਕਿਸੇ ਚਿਰ-ਛੋੜੇ ਵਿਕਾਸ ਪੱਧਰ ਤੱਕ ਅਚੇਤ ਹੀ ਪਰਤ ਪੈਣ ਦੀ ਪ੍ਰਕਿਰਿਆ ਦਾ ਨਾਮ ਪ੍ਰਤਿਗਮਨ ਹੈ।[5]

ਇਸ ਪ੍ਰਕਾਰ ਰੂਪ ਵੀ ਨਿਰਾਸ਼ ਹੋ ਕੇ ਭਾਂਜਵਾਦੀ ਹੋਣ ਤੋਂ ਬਾਅਦ ਪ੍ਰਤਿਗਮਨ ਦੀ ਅਵਸਥਾ ਤਕ ਪਹੁੰਚ ਜਾਂਦੀ ਹੈ। ਏਥੇ ਹੀ ਬਸ ਨਹੀਂ ਅੱਗੇ ਚਲ ਕੇ ਉਹ ਆਤਮੀਕਰਨ ਅਤੇ ਸ੍ਵੈ-ਆਕਰਮਣ ਵਰਗੇ ਮਾਨਸਿਕ ਦੋਸ਼ਾਂ ਵਿਚ ਘਿਰੀ ਪ੍ਰਤੀਤ ਹੁੰਦੀ ਹੈ। ਰੂਪ ਆਪਣੇ ਉਜਵਲ ਭਵਿੱਖ ਪ੍ਰਤੀ ਸੁਪਨੇ ਲੈਂਦੀ ਹੈ ਪਰੰਤੂਉਨ੍ਹਾਂ ਨੂੰ ਪੂਰਾ ਕਰ ਸਕਣ ਤੋਂ ਅਸਮਰਥ ਹੋਈ ਆਪਣੇ ਆਪ ਨੂੰ ਦੰਡਿਤ ਕਰਨ ਤਕ ਪਹੁੰਚ ਜਾਂਦੀ ਹੈ। ਵਿਆਹ ਤੋਂ ਪਹਿਲਾਂ ਉਸ ਨੇ ਆਪਣੇ ਪਤੀ ਬਾਰੇ ਇਸ ਤਰ੍ਹਾਂ ਦਾ ਕਿਆਸ ਵੀ ਨਹੀਂ ਕੀਤਾ ਹੋਵੇਗਾ ਕਿ ਉਹ ਪੱਛਮੀ ਰੰਗ ਦੀ ਕਾਮ ਵਾਸਨਾ ਭਰਪੂਰ ਜ਼ਿੰਦਗੀ ਜੀਵੇਗਾ। ਉਸ ਤੋਂ ਨਿਰਾਸ਼ ਹੋ ਕੇ ਉਹ ਆਪਣੇ ਸਾਰੇ ਸੁਪਨੇ ਟੁਟਦੇ ਹੋਏ ਤੱਕਦੀ ਹੈ ਅਤੇ ਖ਼ੁਦ ਨੂੰ ਦੰਡ ਦੇਣ ਬਾਰੇ ਸੋਚਦੀ ਹੈ। ਇਸ ਤਰ੍ਹਾਂ ਉਹ ਸ੍ਵੈ-ਆਕਰਮਣ ਤਕ ਪਹੁੰਚ ਜਾਂਦੀ ਹੈ ਪਰੰਤੂਉਸਦੀ ਇਹ ਅਵਸਥਾ ਆਤਮੀਕਰਨ ਵਿਚੋਂ ਉਪਜੀ ਹੈ। ਆਤਮੀਕਰਨ ਬਾਰੇ ਡਾ. ਨੇਕੀ ਲਿਖਦਾ ਹੈ :

ਪਿਆਰ ਅਤੇ ਨਫ਼ਰਤ ਦੋਹਾਂ ਤਰ੍ਹਾਂ ਦੇ ਭਾਵ ਆਰੋਪਣ ਨਾਲ ਬਾਹਰ ਅਤੇ ਆਤਮੀਕਰਨ ਨਾਲ ਅੰਦਰ ਵਸਾਏ ਜਾਂਦੇ ਹਨ। ਰੋਗਾਤਮਕ ਉਦਾਸੀ ਦਾ ਕਾਰਨ ਆਤਮੀਕਰਨ ਹੀ ਹੁੰਦਾ ਹੈ। ਜਦੋਂ ਕਿਸੇ ਨੂੰ ਆਪਣੇ ਕਿਸੇ ਪਿਆਰੇ ਪਾਸੋਂ ਮਾਯੂਸੀ ਹੋਵੇ ਤਾਂ ਉਹ ਉਸਨੂੰ ਦੰਡ ਦੇਣ ਦੀ ਥਾਂ ਆਪਣੇ ਆਪ ਨੂੰ ਦੰਡ ਦੇਣ ਤੁਲ ਪੈਂਦਾ ਹੈ।[6]

ਰੂਪ ਆਪਣੇ ਪਤੀ ਕੋਲੋਂ ਆਪਣੇ ਸੁਪਨਿਆਂ ਦੀ ਪੂਰਤੀ ਨਾ ਹੁੰਦਿਆਂ ਦੇਖ ਮਾਯੂਸ ਹੋ ਚੁੱਕੀ ਹੈ। ਉਹ ਕਹਿੰਦੀ ਹੈ :

***ਹੁਣ ਤਾਂ ਦਿਲ ਚਾਹੁੰਦਾ / ਸਖਣੇ ਵਿਹੜੇ / ਆਪੇ ਆਪਣੀ ਕਬਰ ਬਣਾਵਾਂ / ਤੇ ਚੁਪ ਚਪੀਤੀ / ਉਸ ਅੰਦਰ ਲੰਮੀ ਪੈ ਜਾਵਾਂ।***[7]

ਇਸ ਤਰ੍ਹਾਂ ਰੂਪ ਇਕ ਮਾਨਸਿਕ ਤਣਾਉ ਵਿਚ ਗ੍ਰਸੇ ਹੋਏ ਮਾਨਸਿਕ ਰੋਗੀ ਵਾਲੀ ਜ਼ਿੰਦਗੀ ਬਤੀਤ ਕਰਨ ਦੀ ਅਵਸਥਾ ਤਕ ਪਹੁੰਚ ਜਾਂਦੀ ਹੈ ਪਰੰਤੂਅਜਿਹਾ ਹੁੰਦਾ ਨਹੀਂ ਹੈ। ਉਹ ਸ਼ਰਨ ਅਤੇ ਸ਼ਿੰਦਰ ਵਲੋਂ ਮਿਲੀਆਂ ਨਸੀਹਤਾਂ ਦੇ ਚੱਲਦਿਆਂ ਆਪਣਾ ਅੰਤਰ-ਨਿਰੀਖਣ (ਅਵਗਰਤਬਕਫਵਜਰਅ) ਕਰਦੀ ਹੈ ਅਤੇ ਆਪਣੇ ਮਾਨਸਿਕ ਤਣਾਉ ਤੇ ਕਾਬੂਤਾਂ ਪਾਉਂਦੀ ਹੀ ਹੈ, ਸਗੋਂ ਆਪਣੀ ਇੱਛਤ ਜ਼ਿੰਦਗੀ ਜੀਊਣ ਲਈ ਵੀ ਕਾਰਜਸ਼ੀਲ ਹੁੰਦੀ ਹੈ। ਅੰਤਰ-ਨਿਰੀਖਣ ਇਕ ਅਜਿਹੀ ਵਿਧੀ ਹੈ, ਜਿਸ ਅਧੀਨ ਵਿਅਕਤੀ ਛਕ;।-ਛਿਵਚਦਖ ਕਰਦਾ ਹੈ। ਆਪਣੇ ਗੁਣਾਂ-ਦੋਸ਼ਾਂ ਉਪਰ ਨਜ਼ਰ ਮਾਰਦਾ ਅਤੇ ਪੜਤਾਲ ਕਰਦਾ ਹੈ। ਰੂਪ ਵੀ ਹੁਣ ਤਕ ਜਾਣ ਚੁੱਕੀ ਹੈ ਕਿ ਭਾਰਤੀ ਸਭਿਆਚਾਰ ਅਨੁਸਾਰ ਪੱਛਮੀ ਦੇਸ਼ਾਂ ਵਿਚ ਨਹੀਂ ਜੀਵਿਆ ਜਾ ਸਕਦਾ। ਜੇਕਰ ਇਸ ਤਰ੍ਹਾਂ ਕਰਨ ਦਾ ਯਤਨ ਕੀਤਾ ਗਿਆ ਤਾਂ ਮਾਨਸਿਕ ਤਣਾਉ ਤੋਂ ਇਲਾਵਾ ਉਸ ਦੇ ਪੱਲੇ ਕੁਝ ਨਹੀਂ ਪਵੇਗਾ। ਇਸੇ ਕਾਰਨ ਉਹ ਬਗ਼ਾਵਤ ਜਾਂ ਵਿਦਰੋਹ ਦੀ ਸੁਰ ਅਪਣਾ ਲੈਂਦੀ ਹੈ :

***ਮੈਂ ਆਪਣੀ ਸੋਚ ਦੀ ਬਾਲੜੀ ਨੂੰ / ਤੁਹਾਡੇ ਮੇਲੇ 'ਚ ਘੁੰਮਦੇ / ਪੰਘੂੜਿਆਂ ਵਿਚ ਬਿਠਾ / ਪਰਚਾਉਣ ਦਾ ਯਤਨ ਬਹੁਤ ਕੀਤਾ / ਲੈ ਤੁਹਾਡੇ ਮੇਲੇ ਦੇ / ਹਰ ਤਰ੍ਹਾਂ ਦੇ ਬਾਜਿਆਂ ਪੀਪਨੀਆਂ ਨੂੰ / ਹੱਥਾਂ ਉਸ ਦਿਆਂ ਵਿਚ ਦਿਤਾ। / ਪਰ ਉਹ ਬਾਲੜੀ / ਹੁਣ ਤੁਹਾਡੇ ਮੇਲੇ ਨਾਲ / ਨਾ ਪਰਚਣ 'ਚ ਆਏ - ਨਾ ਚੁਪ ਹੋਏ / ਅਹਿਸਾਨਾਂ ਦੇ ਮੋਢੇ ਚੜ੍ਹ ਕੇ / ਨਾ ਹੀ ਦੰਦ ਖੰਡ ਦਾ ਕੋਈ ਖਿਡਾਉਣਾ / ਹੁਣ ਜੀਅ ਉਸ ਦਾ ਪਰਚਾਏ।*** [8]

ਸੋ ਇਸ ਤਰ੍ਹਾਂ ਇਸ ਕਾਵਿ-ਨਾਟ ਦੀ ਮੁਖ ਇਸਤਰੀ ਪਾਤਰ ਰੂਪ, ਜੋ ਕਿ ਦੋ ਸੰਸਕ੍ਰਿਤੀਆਂ ਵਿਚ ਘਿਰੀ ਹੋਈ ਮਾਨਸਿਕ ਤਣਾਉ ਹੰਢਾ ਰਹੀ ਸੀ, ਆਪਣੇ ਤਣਾਉ ਤੋਂ ਮੁਕਤੀ ਪ੍ਰਾਪਤ ਕਰ ਲੈਂਦੀ ਹੈ ਤੇ ਮਨਚਾਹੀ ਜ਼ਿੰਦਗੀ ਜੀਣ ਲਈ ਕਦਮ ਪੁੱਟਦੀ ਹੈ।

ਇਸ ਕਾਵਿ-ਨਾਟ ਦੀ ਅਗਲੀ ਔਰਤ ਪਾਤਰ ਸ਼ਰਨ (ਰੂਪ ਦੀ ਸਹੇ ਲੀ) ਹੈ। ਉਹ ਪੜ੍ਹੀ-ਲਿਖੀ, ਅਗਾਂਹਵਧੂਸੋਚ ਵਾਲੀ ਭਾਰਤੀ ਅਤੇ ਪੱਛਮੀ ਸੱਭਿਆਚਾਰਾਂ ਦੇ ਅੰਸ਼ਾਂ ਦੀ ਧਾਰਨੀ ਹੈ। ਉਹ ਵਧੀਕੀ ਕਰਨ ਅਤੇ ਵਧੀਕੀ ਸਹਿਣ ਨੂੰ ਇਕੋ ਜਿਹਾ ਗੁਨਾਹ ਮੰਨਦੀ ਹੈ। ਸ਼ਰਨ ਦੇ ਪਾਤਰ ਬਾਰੇ ਦੇਵਿੰਦਰ ਚੰਦਨ ਦਾ ਕਥਨ ਹੈ :

ਇਸ ਕਵਿਤਾ ਦੀ ਇਕ ਹੋਰ ਪਾਤਰ ਸ਼ਰਨ ਹੈ ਜੋ ਕਿ ਭਾਰਤੀ ਅਤੇ ਪੱਛਮੀ ਕੀਮਤਾਂ ਨੂੰ ਇਕੱਠਿਆਂ ਲੈ ਕੇ ਤੁਰਦੀ ਹੈ। ਉਹ ਅੱਧੀ ਭਾਰਤੀ ਹੈ ਅਤੇ ਅੱਧੀ ਪੱਛਮੀ। ਉਸ ਅੰਦਰ ਭਾਰਤੀ ਮਾਹੌਲ ਵਿਚੋਂ ਪੈਦਾ ਹੋਇਆ ਅਹਿਸਾਸ ਵੀ ਹੈ ਪਰੰਤੂਪੱਛਮੀ ਮਾਹੌਲ ਵਿਚੋਂ ਮਿਲੀ ਹੋਈ ਸੂਝ ਉਸਨੂੰ ਬਰਬਾਦ

ਹੋਣ ਤੋਂ ਰੋਕਦੀ ਹੈ। ਉਹ ਅੰਨ੍ਹੇ ਸੰਸਕਾਰਾਂ ਵਿਚ ਘਿਰ ਕੇ ਆਪਣੇ ਆਪ ਨੂੰ ਖ਼ਤਮ ਕਰਨ ਵਾਲੀ ਕੁੜੀ ਨਹੀਂ ਸਗੋਂ ਰਿਸ਼ਤੇ ਨੂੰ ਅੰਦਰੋਂ ਬਾਹਰੋਂ ਭਰਪੂਰਤਾ ਵਿਚ ਜੀਣ ਦੀ ਇੱਛਾ ਰੱਖਦੀ ਹੈ।[9]

ਰੂਪ ਅਤੇ ਸ਼ਿੰਦਰ ਭਾਰਤੀ ਸੰਸਕ੍ਰਿਤੀ ਦੀ ਪ੍ਰਤਿਨਿਧਤਾ ਕਰਦੇ ਹਨ ਅਤੇ ਪੱਛਮੀ ਜ਼ਿੰਦਗੀ ਜੀਊਣ ਤੋਂ ਮੁਨਕਰ ਹਨ। ਏਸੇ ਤਰ੍ਹਾਂ ਰੂਪ ਦਾ ਪਤੀ ਅਤੇ ਸ਼ਿੰਦਰ ਦੀ ਪਤਨੀ ਪੱਛਮੀ ਰੰਗ ਦੀ ਜ਼ਿੰਦਗੀ ਜੀਅ ਰਹੇ ਹਨ ਤੇ ਭਾਰਤੀ ਸੰਸਕ੍ਰਿਤੀ ਤੋਂ ਮੁਨਕਰ ਹਨ, ਉਥੇ ਸ਼ਰਨ ਭਾਰਤੀ ਅਤੇ ਪੱਛਮੀ ਸੰਸਕ੍ਰਿਤੀ ਵਿਚੋਂ ਚੰਗੇ ਪੱਖਾਂ ਨੂੰ ਲੈ ਕੇ ਅਤੇ ਬੁਰੇ ਪਹਿਲੂਆਂ ਨੂੰ ਤਿਆਗ ਕੇ ਮਾਨਸਿਕ ਤਣਾਉ ਤੋਂ ਮੁਕਤ ਜ਼ਿੰਦਗੀ ਜੀਅ ਰਹੀ ਹੈ। ਨਾਰੀ ਦੀ ਆਜ਼ਾਦੀ ਦੇ ਸਹੀ ਮਾਇਨੇ ਸ਼ਰਨ ਕੋਲ ਹਨ। ਸ਼ਰਨ ਇਸ ਗੱਲ ਤੋਂ ਵਾਕਿਫ਼ ਹੈ ਕਿ ਸਭਿਆਚਾਰ ਇਕ ਬਦਲਦਾ ਵਰਤਾਰਾ ਹੈ। ਸਮੇਂ ਨਾਲ ਕੁਝ ਪੁਰਾਤਨ ਰੀਤਾਂ ਜੋ ਕਾਰਗਰ ਨਾ ਹੋਣ ਛੱਡ ਦੇਣੀਆਂ ਚਾਹੀਦੀਆਂ ਹਨ ਤੇ ਨਵੀਆਂ ਅਪਨਾ ਲੈਣੀਆਂ ਚਾਹੀਦੀਆਂ ਹਨ। ਨਾ ਤਾਂ ਉਹ ਅੰਨ੍ਹੇ ਸੰਸਕਾਰਾਂ ਵਿਚ ਯਕੀਨ ਰੱਖਦੀ ਹੈ ਤੇ ਨਾ ਹੀ ਅੰਨ੍ਹੀ ਆਜ਼ਾਦੀ ਵਿਚ। ਅਸਲ ਵਿਚ ਸ਼ਰਨ, ਰੂਪ ਨੂੰ ਉਸਦੇ ਮਾਨਸਿਕ ਤਣਾਉ ਵਿਚੋਂ ਕੱਢਣ ਦੀ ਮਦਦ ਕਰਦੀ ਹੈ। ਉਹ ਪਿਆਰ ਤੋਂ ਲੈ ਕੇ ਫਿਟਕਾਰਾਂ ਤਕ ਦਾ ਰਾਹ ਅਪਨਾਉਂਦੀ ਹੈ। ਰੂਪ ਜਦੋਂ ਆਪਣੀ ਦੁਚਿੱਤੀ ਵਿਚੋਂ ਬਾਹਰ ਨਹੀਂ ਨਿਕਲਦੀ ਤਾਂ ਸ਼ਰਨ ਉਸਨੂੰ ਕਹਿੰਦੀ ਹੈ :

***ਅੰਬਰ ਉਡਣਾ ਉਸ ਪੰਛੀ ਕੀ / ਪਿੰਜਰੇ ਦਾ ਸੁਖ ਜੋ ਨਿਤ ਚਾਹੇ - ਉਡਣ ਵਾਲਾ ਪੰਛੀ ਸਖੀਏ / ਖ਼ੈਰ ਨਾ ਪਿੰਜਰੇ ਦੀ ਮਨਾਵੇ — ਪਿੰਜਰੇ ਵਿਚ ਵੀ ਖੰਭ ਫੈਲਾਏ / ਲੋਹੇ ਨੂੰ ਅੰਗ ਨਿੱਤ ਖੁਆਏ।*** (10)

*ਰਹਿ ਜਾਏ ਜੇ ਸੁਪਨਾ ਅਧੂਰਾ / ਹਰਜ ਕੀ ਏਸ 'ਚ / ਅੰਬਰ ਨਵੀਂ ਉਡਾਰੀ ਲਾਉਣੀ / ਕਰਨ ਲਈ ਸੁਪਨੇ ਨੂੰ ਪੂਰਾ।*(11)

ਸ਼ਰਨ ਦੀ ਮਾਨਸਿਕਤਾ ਨੂੰ ਇਨ੍ਹਾਂ ਸਤਰਾਂ ਵਿਚੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਦੇਵਿੰਦਰ ਚੰਦਨ ਦੇ ਸ਼ਬਦਾਂ ਅਨੁਸਾਰ :

ਸ਼ਰਨ ਦੀ ਰੂਪ ਨੂੰ ਦਿੱਤੀ ਸਿੱਖਿਆ ਤਣਾਉ ਤੋਂ ਤਣਾਉ-ਮੁਕਤੀ ਦੇ ਸਫ਼ਰ ਵਲ ਤੁਰਦੀ ਹੈ।(12)

ਰੂਪ ਅਤੇ ਸ਼ਰਨ ਤੋਂ ਇਲਾਵਾ ਇਸ ਕਾਵਿ-ਨਾਟ ਦੀ ਇਕ ਹੋਰ ਇਸਤਰੀ ਪਾਤਰ ਧੰਤੀ (ਰੂਪ ਅਤੇ ਸ਼ਿੰਦਰ ਦੀ ਸੱਸ) ਹੈ। ਧੰਤੀ ਭਾਰਤੀ ਸੰਸਕ੍ਰਿਤੀ ਵਿਚ ਪਲੀ-ਬੜੀ ਪੱਛਮੀ ਸੰਸਕ੍ਰਿਤੀ ਵਿਚ ਗਈ ਅਧਖੜ੍ਹ ਉਮਰ ਦੀ ਔਰਤ ਹੈ, ਜਿਸ ਦੀ ਪਰਵਾਹ ਨਾ ਤਾਂ ਪਤੀ ਨੇ ਕੀਤੀ ਅਤੇ ਨਾ ਹੀ ਔਲਾਦ ਨੇ। ਉਹ ਉਸ ਦਾ ਗੁੱਸਾ ਰੂਪ ਅਤੇ ਸ਼ਿੰਦਰ 'ਤੇ ਕੱਢਦੀ ਹੈ। ਉਹ ਰੂਪ ਅਤੇ ਸ਼ਿੰਦਰ ਨੂੰ ਆਪਣੇ ਮੁਕਾਬਲੇ ਇਸ ਲਈ ਘਟੀਆ ਸਮਝਦੀ ਹੈ ਕਿਉਂਕਿ ਉਹ ਧੰਤੀ ਤੋਂ ਬਾਅਦ ਪੱਛਮੀ ਦੇਸ਼ ਵਿਚ ਗਏ ਹਨ। ਉਹ ਉਨ੍ਹਾਂ ਦੋਹਾਂ ਨੂੰ ਆਪਣੇ ਅਹਿਸਾਨਾਂ ਥੱਲੇ ਦੱਬਿਆ ਮੰਨਦੀ ਹੈ, ਜਿਨ੍ਹਾਂ ਨੇ ਉਨ੍ਹਾਂ ਦੋਹਾਂ ਨੂੰ ਪੱਛਮੀ ਦੇਸ਼ ਪਹੁੰਚਾ ਦਿੱਤਾ। ਧੰਤੀ ਸਥਾਨਾਤਰਨ ਜਾਂ ਵਿਸਥਾਪਨ ਦੀ ਸ਼ਿਕਾਰ ਹੈ। ਇਹ ਉਹ ਅਵਸਥਾ ਹੈ ਜਦੋਂ ਵਿਅਕਤੀ ਆਪਣੇ ਭਾਵਾਂ ਨੂੰ ਇਕ ਵਿਅਕਤੀ ਤੋਂ ਬਦਲ ਕੇ ਦੂਜੇ ਵਿਅਕਤੀ 'ਤੇ ਕੇਂਦਰਿਤ ਕਰਦਾ ਹੈ। ਧੰਤੀ ਆਪਣੇ ਪਤੀ ਅਤੇ ਆਪਣੀ ਔਲਾਦ ਦਾ ਗੁੱਸਾ ਆਪਣੀ ਨੂੰਹ ਅਤੇ ਜਵਾਈ ਉੱਪਰ ਝਾੜਦੀ ਹੈ। ਉਹ ਦੋਹਾਂ ਨੂੰ ਦੱਸਦੀ ਹੈ ਕਿ ਤੁਸੀ ਉਨ੍ਹਾਂ ਦਾ ਅਹਿਸਾਨ ਮੰਨੋ ਜਿਨ੍ਹਾਂ ਨੇ ਤੁਹਾਨੂੰ ਬਾਹਰਲੇ ਦੇਸ਼ ਲੈ ਆਂਦਾ, ਨਹੀਂ ਤਾਂ ਤੁਸੀ ਅੱਜ ਵੀ ਆਪਣੇ ਦੇਸ਼ ਗ਼ਰੀਬੀ ਵਿਚ ਮਰਦੇ ਹੋਣਾ ਸੀ। ਧੰਤੀ ਆਖਦੀ ਹੈ :

***ਹੈ ਹਾ ਤੁਹਾਨੂੰ ! / ਤੁਸਾਂ ਦੋਹਾਂ ਨੇ / ਸਾਡਾ ਇਹ ਅਹਿਸਾਨ ਜਾਣਿਆ — ਭੁਖਿਆਂ ਨੂੰ ਖ਼ੁਸ਼ਹਾਲ ਕਰਨ ਦਾ / ਇਹ ਫਲ ਸਾਡੇ ਲਈ ਪਛਾਣਿਆ।ਸੁੱਕਿਆ ਢਿੰਡ ਹਰਾ ਹੋਇਆ ਤਾਂ / ਬਿੱਲੀ ਵੀ ਬਘਿਆੜੀ ਹੋਈ।*** (13)

ਧੰਤੀ ਦੋਹਾਂ ਦਾ ਘਰ ਤਾਂ ਵਸਿਆ ਦੇਖਣਾ ਚਾਹੁੰਦੀ ਹੈ ਪਰੰਤੂ ਉਹ ਆਪਣੀ ਔਲਾਦ ਨੂੰ ਸਮਝਾਉਣ ਦੀ ਬਜਾਇ ਆਪਣੀ ਨੂੰਹ ਅਤੇ ਆਪਣੇ ਜਵਾਈ ਨੂੰ ਖਿਝ ਕੇ ਬੋਲਣ ਤੋਂ ਲੈ ਕੇ ਡਰਾਵੇ ਤੱਕ ਦਿੰਦੀ ਹੈ। ਧੰਤੀ ਨੇ ਖ਼ੁਦ ਵੀ ਰੂਪ ਵਾਲਾ ਸੰਤਾਪ ਹੰਢਾਇਆ ਹੈ ਪਰੰਤੂਫਿਰ ਵੀ ਉਹ ਰੂਪ ਅਤੇ ਸ਼ਿੰਦਰ ਦੀ ਹਾਲਤ ਨੂੰ ਸਮਝਣ ਤੋਂ ਅਸਮਰਥ ਹੈ ਅਤੇ ਇਕ ਔਰਤ ਦੀਆਂ ਭਾਵਨਾਵਾਂ ਨੂੰ ਵੀ ਨਹੀਂ ਦੇਖ ਰਹੀ। ਰੂਪ ਧੰਤੀ ਬਾਰੇ ਕਹਿੰਦੀ ਹੈ :

***ਸਮਝ ਨਾ ਲੱਗੇ / ਪੈਰ ਦੀ ਜੁੱਤੀ ਦਾ ਹੋਏ ਜਿਸ ਦਰਦ ਹੰਢਾਇਆ / ਕਿਉਂ ਬਣਾ ਕਿਸੇ ਨੂੰ ਜੁੱਤੀ / ਆਪਣੇ ਪੈਰੀਂ ਉਹ ਪਾਉਣਾ ਚਾਹੇ — ਤੜਫ਼ੀ ਹੋਏ ਜੋ / ਸੱਸ ਚੋਂ ਮਾਂ ਲੱਭਣ ਲਈ / ਉਹ ਕਿਉਂ ਸੱਸ ਬਣ ਬਣ ਦਿਖਲਾਏ।***(14)

ਅਸਲ ਵਿਚ ਧੰਤੀ ਭਾਰਤੀ ਪੁਰਾਣੀ ਸੰਸਕ੍ਰਿਤੀ ਦੀ ਪ੍ਰਤੀਕ ਹੈ, ਜੋ ਪਤੀ ਦੀਆਂ ਵਧੀਕੀਆਂ ਸਹਿ ਕੇ ਵੀ ਚੁਪ ਰਹੀ। ਰੂਪ ਅਤੇ ਸ਼ਿੰਦਰ ਭਾਰਤੀ ਸੰਸਕ੍ਰਿਤੀ ਦੀ ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ ਦੀ ਪ੍ਰਤਿਨਿਧਤਾ ਕਰਦੇ ਹਨ। ਧੰਤੀ ਦੀ ਧੀ ਅਤੇ ਉਸਦਾ ਪੁੱਤਰ ਪੱਛਮੀ ਸੰਸਕ੍ਰਿਤੀ ਦੀ ਪ੍ਰਤਿਨਿਧਤਾ ਕਰਦੇ ਹਨ। ਇਨ੍ਹਾਂ ਦੋਹਾਂ ਸੰਸਕ੍ਰਿਤੀਆਂ ਵਿਚ ਧੰਤੀ ਦੀ ਮਾਨਸਿਕਤਾ ਦੋਹਾਂ ਨੂੰ ਹੀ ਸਮਝਣ ਤੋਂ ਅਸਮਰਥ ਹੈ।

ਹਥਲੇ ਕਾਵਿ-ਨਾਟ ਦੀ ਇਕ ਹੋਰ ਔਰਤ ਪਾਤਰ ਸ਼ਿੰਦਰ ਦੀ ਪਤਨੀ ਜਾਂ ਧੰਤੀ ਦੀ ਧੀ ਹੈ, ਜੋ ਕਿ ਗ਼ੈਰ ਹਾਜ਼ਰ ਹੈ ਪਰੰਤੂਉਸ ਬਾਰੇ ਬਾਕੀ ਪਾਤਰਾਂ ਦੇ ਵਾਰਤਾਲਾਪਾਂ ਵਿਚੋਂ ਜਾਣਕਾਰੀ ਮਿਲਦੀ ਹੈ। ਪੱਛਮੀ ਰੰਗ ਵਿਚ ਰੰਗੀ ਹੋਈ, ਕਾਮ-ਵਾਸਨਾ ਵਿਚ ਗ੍ਰਸੀ ਇਸ ਪਾਤਰ ਨੇ ਔਰਤ ਦੀ ਆਜ਼ਾਦੀ ਦੇ ਮਾਇਨੇ ਸਰੀਰਕ ਸੰਬੰਧਾਂ ਦੀ ਖੁੱਲ੍ਹ ਤਕ ਹੀ ਸੀਮਤ ਕਰ ਰੱਖੇ ਹਨ। ਪੱਛਮੀ ਮਾਹੌਲ ਵਿਚ ਪਲੀ ਹੋਣ ਕਾਰਨ ਉਸ ਲਈ ਘਰ ਵਸਾਉਣਾ ਅਤੇ ਪਤੀ ਪ੍ਰਤੀ ਵਫ਼ਾਦਾਰ ਰਹਿਣਾ ਫਜ਼ੂਲ ਦੀਆਂ ਗੱਲਾਂ ਹਨ।

ਜਗਤਾਰ ਢਾਅ ਦੇ ਕਾਵਿ-ਨਾਟ ਦਾ ਅਧਿਐਨ ਵਿਸ਼ਲੇਸ਼ਣ ਕਰਨ ਉਪਰੰਤ ਇਸ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਕੋਈ ਮਨੁੱਖ ਆਪਣੀ ਉਮਰ ਦੇ ਪਹਿਲੇ ਢਾਈ-ਤਿੰਨ ਦਹਾਕੇ ਜਿਥੇ ਬਤੀਤ ਕਰਦਾ ਹੈ, ਉਸ ਦੇਸ਼ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ, ਜਿਨ੍ਹਾਂ ਨੂੰ ਉਸਨੇ ਸਹਿਜ ਰੂਪ ਵਿਚ ਹੀ ਗ੍ਰਹਿਣ ਕੀਤਾ ਹੁੰਦਾ ਹੈ, ਮਨੁੱਖ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀਆਂ ਹਨ। ਇਸ ਨਾਟਕ ਵਿਚ ਵੀ ਦੋ ਇਸਤਰੀ ਪਾਤਰ ਰੂਪ ਅਤੇ ਧੰਤੀ ਆਪਣੀ ਉਮਰ ਦੇ ਪਹਿਲੇ ਢਾਈ-ਤਿੰਨ ਦਹਾਕੇ ਦੇਸ਼ ਦੀਆਂ ਕਦਰਾਂ-ਕੀਮਤਾਂ ਨਾਲ ਜੁੜੇ ਹੋਣ ਕਰਕੇ ਜਦੋਂ ਪੱਛਮੀ ਸਭਿਆਚਾਰ ਨਾਲ ਬਾਵਸਤਾ ਰੱਖਦੇ ਹਨ ਉਨ੍ਹਾਂ ਨੂੰ ਬਹੁਤ ਸਾਰੀਆਂ ਮਾਨਸਿਕ ਖਿੱਚੋਤਾਣਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪੰਜਾਬੀ ਜਾਂ ਭਾਰਤੀ ਕਿਰਦਾਰਾਂ ਦਾ ਇਹ ਦੁਖਾਂਤ ਹੈ ਕਿ ਉਹਨਾਂ ਨੂੰ ਆਪਣੇ ਦੇਸ਼ ਵਿਚ ਜ਼ਿੰਦਗੀ ਜੀਣ ਦੀਆਂ ਸੁਵਿਧਾਵਾਂ ਹਾਸਲ ਨਹੀਂ ਹਨ। ਉਨ੍ਹਾਂ ਨੂੰ ਇਸ ਸਭਿਆਚਾਰਕ ਆਲੇ-ਦੁਆਲੇ ਤੋਂ ਕਿਨਾਰਾ ਕਰਕੇ ਬਾਹਰਲੇ ਦੇਸ਼ਾਂ ਦੀ ਖ਼ਾਕ ਛਾਨਣ ਲਈ ਮਜਬੂਰ ਹੋਣਾ ਪੈਂਦਾ ਹੈ ਪਰ ਇਸ ਪਰਵਾਸ ਦੀ ਪ੍ਰਕਿਰਿਆ ਨਾਲ ਮਨੁੱਖੀ ਅਸਤਿਤਵ ਨੂੰ ਵੱਡੀ ਠੇਸ ਪਹੁੰਚਦੀ ਹੈ। ਹੌਲੀ ਹੌਲੀ ਤਣਾਓ ਭੋਗਦੇ ਇਹ ਪਾਤਰ ਵਿਸ਼ਾਦ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਸਾਰੇ ਪਾਤਰਾਂ ਦੇ ਮਾਨਸਿਕ ਚਿਤਰਨ ਨੂੰ ਜਗਤਾਰ ਢਾਅ ਨੇ ਆਪਣੇ ਕਾਵਿ-ਨਾਟ ਵਿਚ ਪ੍ਰਮਾਣਿਕ ਰੂਪ ਵਿਚ ਪੇਸ਼ ਕੀਤਾ ਹੈ।

***ਵਾਲੇ ਅਤੇ ਟਿੱਪਣੀਆਂ :***

*(1) ਬਰਤਾਨਵੀ ਪੰਜਾਬੀ ਸਾਹਿਤ ਦੇ ਮਸਲੇ, ਪੰਨਾ-41.* **(2)** *ਜਗਤਾਰ ਢਾਅ, ਇਕ ਸੁਪਨਾ ਮਛਲੀ ਦਾ, ਪੰਨਾ-19.* **(3)** *ਉਹੀ, ਪੰਨਾ-68.* **(4)** *ਉਹੀ, ਪੰਨਾ-76.* **(5)** *ਅਚੇਤਨ ਦੀ ਲੀਲ੍ਹਾ, ਪੰਨਾ-41.* **(6)** *ਉਹੀ, ਪੰਨਾ-40.* **(7)** *ਇਕ ਸੁਪਨਾ ਮਛਲੀ ਦਾ, ਪੰਨਾ-69.* **(8)** *ਉਹੀ, ਪੰਨਾ-107.* **(9)** *ਬਰਤਾਨਵੀ ਪੰਜਾਬੀ ਸਾਹਿਤ ਦੇ ਮਸਲੇ, ਪੰਨਾ-41.* **(10)** *ਇਕ ਸੁਪਨਾ ਮਛਲੀ ਦਾ, ਪੰਨਾ-15.* **(11)** *ਉਹੀ, ਪੰਨਾ-20.* **(12)** *ਬਰਤਾਨਵੀ ਪੰਜਾਬੀ ਸਾਹਿਤ ਦੇ ਮਸਲੇ, ਪੰਨਾ-42.* **(13)** *ਇਕ ਸੁਪਨਾ ਮਛਲੀ ਦਾ, ਪੰਨਾ-99.* **(14)** *ਉਹੀ, ਪੰਨੇ-41-42.*

❁❁